(ਸ) ਪੁਲਿਸ ਵਲੋਂ ਕੀਤੀਆਂ ਜਾਂਦੀਆਂ ਜ਼ਿਆਦਤੀਆਂ ਦੀ ਜਾਂਚ, ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਪੂਰਾ ਮਜ਼ਬੂਤ ਕੀਤਾ ਜਾਵੇਗਾ। ਰੂਲ ਆਫ਼ ਲਾਅ ਕਾਇਮ ਕੀਤਾ ਜਾਵੇਗਾ ਤੇ ਪੁਲਿਸ ਦੇ ਕੰਮ ਕਰਨ ਦੇ ਢੰਗ ਵਿੱਚ ਵੱਡੀਆਂ ਤਬਦੀਲੀਆਂ ਕੀਤੀਆਂ ਜਾਣਗੀਆਂ, ਜਿਵੇਂ ਕਿ ਕਿਸੇ ਵੀ ਦਾਗ਼ੀ ਪੁਲਿਸ ਅਫਸਰ ਨੂੰ ਪਬਲਿਕ ਨਾਲ ਸਿੱਧੇ ਵਿਵਹਾਰ ਕਰਨ ਵਾਲੇ ਪੱਦ/ ਅਹੁੱਦੇ 'ਤੇ ਤਾਇਨਾਤ ਨਹੀਂ ਕੀਤਾ ਜਾਵੇਗਾ। ਸਾਡੀ ਸਰਕਾਰ ਪੀ.ਸੀ.ਏ. ਕਾਨੂੰਨ ਨੂੰ ਮਜ਼ਬੂਤੀ ਪ੍ਰਦਾਨ ਲਈ ਉਸ ਵਿੱਚ ਸਖ਼ਤ ਸੋਧਾ (ਅਮੈਂਡਮੈਂਟ) ਕਰੇਗੀ।

(ਹ) ਪੁਲਿਸ ਮੁਖੀ (ਡੀਜੀਪੀ) ਲਗਾਉਣ ਦਾ ਅਧਿਕਾਰ ਰਾਜ ਸਰਕਾਰ ਦਾ ਹੋਵੇ ਇਸ ਲਈ ਪੰਜਾਬ ਸਾਂਝੀਵਾਲਤਾ ਦਲ ਹਮਖਿਆਲੀ ਰਾਜਾਂ ਨਾਲ ਮਿਲਕ ਕੇ ਕੇਂਦਰ ਨਾਲ ਰਾਜਨਿਤਿਕ ਲੜ੍ਹਾਈ ਲੜ੍ਹੇਗਾ ਅਤੇ ਡੀਜੀਪੀ ਲਗਾਉਣ ਦਾ ਹੱਕ ਰਾਜਾਂ ਨੂੰ ਦਿਵਾਉਣ ਵਿੱਚ ਮੋਹਰੀ ਭੂਮਿਕਾ ਨਿਭਾਵੇਗਾ।

# ਪੰਜਾਬ ਪੁਲਿਸ ਜਵਾਬਦੇਹੀ, ਨਾਗਰਿਕ ਅਧਿਕਾਰ ਅਤੇ SPCA ਸੁਧਾਰ ਨੀਤੀ–2027

# Punjab Police Accountability, Citizens' Rights & SPCA Reform Policy–2027

## ਪੰਜਾਬ ਸਾਂਝੀਵਾਲਤਾ ਦਲ ਵੱਲੋਂ ਪੰਜਾਬ ਦੇ ਲੋਕਾਂ ਨੂੰ ਸਮਰਪਿਤ

## "ਮਜ਼ਬੂਤ ਪੁਲਿਸ • ਸੁਰੱਖਿਅਤ ਨਾਗਰਿਕ • ਸੁਤੰਤਰ ਜਾਂਚ • ਨਿਰਪੱਖ ਨਿਆਂ • ਸਭ ਲਈ ਇੱਕੋ ਕਾਨੂੰਨ"

### ਭੂਮਿਕਾ

ਪੁਲਿਸ ਲੋਕਤੰਤਰਿਕ ਪ੍ਰਣਾਲੀ ਦਾ ਮਹੱਤਵਪੂਰਨ ਅੰਗ ਹੈ। ਅਪਰਾਧ ਰੋਕਣਾ, ਕਾਨੂੰਨ-ਵਿਵਸਥਾ ਕਾਇਮ ਰੱਖਣਾ ਅਤੇ ਲੋਕਾਂ ਦੀ ਜਾਨ-ਮਾਲ ਦੀ ਰੱਖਿਆ ਕਰਨਾ ਪੁਲਿਸ ਦੀ ਮੁੱਖ ਜ਼ਿੰਮੇਵਾਰੀ ਹੈ। ਪੁਲਿਸ ਨੂੰ ਇਹ ਕੰਮ ਕਰਨ ਲਈ ਲੋੜੀਂਦੀਆਂ ਕਾਨੂੰਨੀ ਸ਼ਕਤੀਆਂ ਮਿਲਣੀਆਂ ਚਾਹੀਦੀਆਂ ਹਨ, ਪਰ ਜਿੰਨੀ ਵੱਡੀ ਸ਼ਕਤੀ ਹੋਵੇ, ਉੱਨੀ ਹੀ ਮਜ਼ਬੂਤ ਜਵਾਬਦੇਹੀ ਵੀ ਹੋਣੀ ਚਾਹੀਦੀ ਹੈ।

ਪੰਜਾਬ ਸਾਂਝੀਵਾਲਤਾ ਦਲ ਦਾ ਸੰਕਲਪ ਹੈ ਕਿ 2027 ਤੋਂ ਪੁਲਿਸ ਵਿਰੁੱਧ ਗੰਭੀਰ ਸ਼ਿਕਾਇਤਾਂ ਲਈ ਇੱਕ ਸੁਤੰਤਰ, ਪਾਰਦਰਸ਼ੀ, ਸਮੇਂ-ਬੱਧ ਅਤੇ ਲੋਕ-ਕੇਂਦਰਿਤ Police Accountability System ਤਿਆਰ ਕੀਤਾ ਜਾਵੇ। ਇਸ ਦਾ ਮਕਸਦ ਪੁਲਿਸ ਨੂੰ ਕਮਜ਼ੋਰ ਕਰਨਾ ਨਹੀਂ, ਸਗੋਂ ਇਮਾਨਦਾਰ ਪੁਲਿਸ ਨੂੰ ਮਜ਼ਬੂਤ ਕਰਨਾ, ਗੈਰ-ਕਾਨੂੰਨੀ ਜ਼ਿਆਦਤੀ ਰੋਕਣਾ ਅਤੇ ਲੋਕਾਂ ਦਾ ਭਰੋਸਾ ਵਧਾਉਣਾ ਹੈ।

### 1. ਨੀਤੀ ਦਾ ਮੂਲ ਸਿਧਾਂਤ

"ਮਜ਼ਬੂਤ ਪੁਲਿਸ — ਪਰ ਕਾਨੂੰਨ ਤੋਂ ਉੱਪਰ ਨਹੀਂ। ਸੁਰੱਖਿਅਤ ਨਾਗਰਿਕ — ਪਰ ਕਾਨੂੰਨ ਤੋਂ ਬਾਹਰ ਨਹੀਂ।"

ਚਾਰ ਆਧਾਰ: Police Independence, Police Accountability, Citizen Protection ਅਤੇ Honest Officer Protection।

### 2. SPCA ਦਾ ਪੁਨਰਗਠਨ ਅਤੇ ਸੁਤੰਤਰਤਾ

State Police Complaints Authority (SPCA) ਨੂੰ ਇੱਕ ਪ੍ਰਭਾਵਸ਼ਾਲੀ Independent Police Accountability Institution ਵਜੋਂ ਵਿਕਸਿਤ ਕੀਤਾ ਜਾਵੇਗਾ। ਇਸਦੀ ਆਪਣੀ Independent Investigation Support, Legal Support, Forensic Support, Cyber & Digital Evidence Support, Victim Support, Research & Systemic Review Support, Integrity Support ਅਤੇ Data & Transparency Support ਹੋਵੇਗੀ। (Support ਸਰਕਾਰੀ ਵਿਭਾਗਾਂ ਤੋਂ ਹੋਵੇਗੀ।)

SPCA ਦੀ investigation ਦੇ outcome ਉੱਤੇ Punjab Police, Home Department, Minister, MLA/MP, political office-bearer ਜਾਂ ਹੋਰ executive authority ਦਾ ਗੈਰ-ਕਾਨੂੰਨੀ operational control ਨਹੀਂ ਹੋਵੇਗਾ। ਵੱਖਰਾ Budget Head, sanctioned staff ਅਤੇ annual financial disclosure ਹੋਵੇਗੀ।

### 3. Single Window Complaint System

"ਨਾਗਰਿਕ jurisdiction ਨਹੀਂ ਲੱਭੇਗਾ — System jurisdiction ਲੱਭੇਗਾ।" Constable ਤੋਂ DGP ਤੱਕ complaint ਇੱਕ common gateway ਰਾਹੀਂ ਦਿੱਤੀ ਜਾ ਸਕੇਗੀ।

Complaint online, mobile application, helpline, ਡਾਕ, personally, District Facilitation Centre ਜਾਂ authorised representative ਰਾਹੀਂ ਦਿੱਤੀ ਜਾ ਸਕੇਗੀ। Complaint ਮੁਫ਼ਤ ਹੋਵੇਗੀ; ਵਕੀਲ ਲਾਜ਼ਮੀ ਨਹੀਂ। ਹਰ complaint ਨੂੰ Unique Tracking Number ਮਿਲੇਗਾ।

ਹਰ ਜ਼ਿਲ੍ਹੇ ਵਿੱਚ SPCA Complaint Facilitation Centre ਹੋਵੇਗਾ ਅਤੇ ਇਹ Police Station ਦੇ ਅੰਦਰ ਨਹੀਂ ਹੋਵੇਗਾ।

### 4. Serious Police Misconduct

ਇਸ ਵਿੱਚ custodial death, custodial torture, custodial rape/sexual assault, alleged fake encounter, police firing ਨਾਲ death/serious injury, grievous hurt, illegal detention, extortion, serious corruption, land/house grabbing ਵਿੱਚ police collusion, evidence fabrication/destruction, CCTV tampering, investigation manipulation, serious abuse of authority, criminal nexus, witness intimidation, complainant retaliation, serious discriminatory/oppressive conduct ਅਤੇ constitutional/fundamental rights ਦੀ ਗੰਭੀਰ ਉਲੰਘਣਾ ਸ਼ਾਮਲ ਹੋਵੇਗੀ।

### 5. Independent Investigation Support

SPCA ਦਾ ਆਪਣਾ Independent Investigation Support ਹੋਵੇਗਾ ਜਿਸ ਵਿੱਚ civilian investigators, legal officers, forensic experts, cyber experts, financial investigators, medico-legal experts, data analysts ਅਤੇ victim liaison officers ਸ਼ਾਮਲ ਕੀਤੇ ਜਾ ਸਕਣਗੇ।

ਇੱਕ statutory Director, Independent Police Investigations ਨਿਯੁਕਤ ਕੀਤਾ ਜਾਵੇਗਾ। Serving Punjab Police officer ਇਸ Support ਦਾ operational head ਨਹੀਂ ਹੋਵੇਗਾ।

## 6. Serious Incident Reporting ਅਤੇ Investigation Takeover

Custodial death, serious custodial injury/torture allegation, custodial sexual violence, police firing/encounter ਨਾਲ death ਜਾਂ serious injury ਵਰਗੀਆਂ prescribed categories ਵਿੱਚ SPCA ਨੂੰ complaint ਦੀ ਉਡੀਕ ਕੀਤੇ ਬਿਨਾਂ mandatory intimation ਹੋਵੇਗੀ। "Serious Incident Itself Triggers Independent Oversight."

Prescribed serious cases ਵਿੱਚ local police ਦੀ ਪਹਿਲੀ ਜ਼ਿੰਮੇਵਾਰੀ: Save Life » Secure Scene » Preserve Evidence » Notify Independent Authority. ਲੋੜੀਂਦੀ statutory amendment ਤੋਂ ਬਾਅਦ notified categories ਵਿੱਚ SPCA Independent Investigation Support investigation ਆਪਣੇ ਹੱਥ ਵਿੱਚ ਲੈ ਸਕੇਗੀ।

## 7. Emergency Evidence Preservation ਅਤੇ CCTV Accountability

SPCA urgent Evidence Preservation Direction ਜਾਰੀ ਕਰ ਸਕੇਗੀ। CCTV, body-camera footage, DDR/GD, arrest memo, lock-up register, control-room logs, Dial-112 records, wireless logs, GPS, MLR, hospital records, Malkhana records, weapon/ammSupportion records ਅਤੇ relevant electronic records preserve ਕੀਤੇ ਜਾ ਸਕਣਗੇ।

Custody-related complaint ਵਿੱਚ relevant CCTV ਨਾ ਮਿਲਣ ਉੱਤੇ "camera ਖਰਾਬ ਸੀ" ਕਾਫ਼ੀ ਨਹੀਂ ਹੋਵੇਗਾ। Camera failure, maintenance record, DVR/NVR status, overwrite history, responsible officer ਅਤੇ alternative footage ਦੀ verification ਹੋਵੇਗੀ। Deliberate tampering serious misconduct ਹੋਵੇਗੀ।

## 8. Suo Motu Powers ਅਤੇ Systemic Investigation

SPCA credible video, medical evidence, Court observation, statutory report, credible media investigation, whistleblower information ਜਾਂ ਹੋਰ reliable material ਦੇ ਆਧਾਰ ਉੱਤੇ suo motu cognizance ਲੈ ਸਕੇਗੀ।

Recurring complaints ਇੱਕੋ pattern ਦਿਖਾਉਣ ਉੱਤੇ SPCA systemic investigation/review ਕਰ ਸਕੇਗੀ। Accredited public-interest organisations ਲਈ Super-Complaint mechanism ਬਣਾਇਆ ਜਾਵੇਗਾ।

## 9. Complainant, Witness ਅਤੇ Honest Police Officer Protection

SPCA ਵਿੱਚ dedicated Risk Assessment Mechanism ਹੋਵੇਗਾ। Complaint ਤੋਂ ਬਾਅਦ threat, intimidation, coercion, compromise pressure, harassment ਜਾਂ retaliatory misuse of police authority ਦੀ priority assessment ਹੋਵੇਗੀ।

Honest police officer ਲਈ illegal political pressure, unlawful superior order, evidence manipulation ਜਾਂ innocent ਨੂੰ implicate ਕਰਨ ਦੇ pressure ਵਿਰੁੱਧ confidential protected reporting mechanism ਹੋਵੇਗਾ।

## 10. Victim/Complainant Rights Charter

Right to Receipt, Right to Case Number, Right to Submit Evidence, Right to Information, Right to Status Updates, Right to Safety Assessment, Right to Reasoned Decision ਅਤੇ Right to Review।

Complaint "Filed" ਜਾਂ "No Substance" ਲਿਖ ਕੇ ਬੰਦ ਨਹੀਂ ਕੀਤੀ ਜਾਵੇਗੀ। Final disposal reasoned ਹੋਵੇਗਾ ਅਤੇ prescribed decisions ਵਿਰੁੱਧ independent review ਹੋਵੇਗਾ।

## 11. Time-Bound Justice ਅਤੇ Criminal Referral

Rules ਵਿੱਚ category-wise maximum timelines ਹੋਣਗੀਆਂ। Delay ਲਈ Written Reasons + Supervisory Approval ਲਾਜ਼ਮੀ ਹੋਵੇਗਾ।

Prima facie criminal offence ਮਿਲਣ ਉੱਤੇ competent investigation/prosecution mechanism ਨੂੰ formal statutory referral ਹੋਵੇਗਾ ਅਤੇ Action Taken Status track ਕੀਤਾ ਜਾਵੇਗਾ।

## 12. Surprise Inspection ਅਤੇ Custody Audit

SPCA authorised teams prescribed safeguards ਨਾਲ Police Stations ਅਤੇ Lock-ups ਦੀ unannounced inspection ਕਰ ਸਕਣਗੀਆਂ। CCTV, custody register, arrest records, medical examination, women/juvenile safeguards ਅਤੇ lawyer/family intimation ਦੀ compliance ਵੇਖੀ ਜਾ ਸਕੇਗੀ।

ਹਰ ਜ਼ਿਲ੍ਹੇ ਦੀ periodic Custodial Safeguards Audit ਹੋਵੇਗੀ।

## 13. False Complaint Safeguard

"Not Proved" » "False Complaint". Complaint establish ਨਾ ਹੋਣਾ ਆਪਣੇ ਆਪ malicious complaint ਨਹੀਂ ਮੰਨਿਆ ਜਾਵੇਗਾ। KnoSupportly fabricated evidence ਜਾਂ knoSupportly false allegation ਲਈ ਹੀ applicable law ਅਨੁਸਾਰ ਕਾਰਵਾਈ ਵਿਚਾਰੀ ਜਾਵੇਗੀ।

## 14. Transparency ਅਤੇ Public Accountability

Public Dashboard: Received » Pending » Under Investigation » Disposed » Misconduct Established » Departmental Referral » Criminal Referral » Action Taken.

ਹਰ ਸਾਲ Punjab Police Accountability Report public ਕੀਤੀ ਜਾਵੇਗੀ ਅਤੇ statutory framework ਅਨੁਸਾਰ ਪੰਜਾਬ ਵਿਧਾਨ ਸਭਾ ਸਾਹਮਣੇ ਰੱਖਣ ਦੀ ਵਿਵਸਥਾ ਹੋਵੇਗੀ। SPCA ਦੀ periodic independent performance audit ਹੋਵੇਗੀ।

# ਭਾਗ-II — SPCA ਦੇ ਮੈਂਬਰਾਂ ਦੀ ਚੋਣ

## 15. ਸੱਤ ਮੈਂਬਰੀ Authority

- Chairperson — retired Supreme Court Judge ਜਾਂ retired Chief Justice/Judge of a High Court, prescribed statutory qualification ਅਨੁਸਾਰ।
- Judicial/Legal Member — criminal, constitutional ਜਾਂ human-rights law ਵਿੱਚ ਲੰਮਾ professional experience।
- Human Rights/Civil Society Member — documented public-service/human-rights experience।
- Woman Member — women/child rights, law, psychology, social work ਜਾਂ gender justice ਦਾ ਤਜਰਬਾ।
- Investigation/Forensic Member — forensic, cyber, investigation ਜਾਂ medico-legal expertise।
- Public Administration Member — governance, vigilance ਜਾਂ public accountability expertise।
- Police Administration Member — retired senior police professional, prescribed cooling-off ਅਤੇ conflict safeguards ਦੇ ਅਧੀਨ। Serving Punjab Police Officer voting Member ਨਹੀਂ ਹੋਵੇਗਾ।

## 16. ਮੈਂਬਰ ਚੁਣਨ ਦਾ ਅਧਾਰ

Integrity, Independence, Qualification, Experience, Public Service Record, Human-Rights Orientation ਅਤੇ Conflict-Free Status ਦੇ objective criteria ਉੱਤੇ assessment ਹੋਵੇਗੀ। ਸਿਰਫ਼ political nomination appointment ਦਾ ਆਧਾਰ ਨਹੀਂ ਹੋਵੇਗੀ।

## 17. Independent Selection Committee

ਪ੍ਰਸਤਾਵਿਤ Committee: Chief Justice, Punjab & Haryana High Court ਜਾਂ nominee Judge — Chair; Chief Minister/Leader of House ਜਾਂ nominee; Leader of Opposition; Final composition constitutional/statutory vetting ਤੋਂ ਬਾਅਦ ਹੋਵੇਗੀ।

## 18. Open Selection, Disqualification ਅਤੇ Tenure

Vacancies public advertisement ਰਾਹੀਂ notify ਹੋਣਗੀਆਂ; applications/nominations ਲਈ ਘੱਟੋ-ਘੱਟ 30 ਦਿਨ। Eligibility ਅਤੇ selection criteria ਪਹਿਲਾਂ public; Selection Committee reasons record ਕਰੇਗੀ।

Serious criminal conviction, corruption/serious misconduct ਕਾਰਨ dismissal/removal, material financial conflict, active party office-bearer status, prescribed recent period ਵਿੱਚ active electoral politics ਜਾਂ independence compromise ਕਰਨ ਵਾਲਾ serious conflict disqualification ਦਾ ਆਧਾਰ ਹੋਵੇਗਾ।

Chairperson ਅਤੇ Members ਲਈ 4 ਸਾਲ ਦਾ ਇੱਕ fixed non-renewable term ਪ੍ਰਸਤਾਵਿਤ ਹੈ। Removal arbitrary executive order ਨਾਲ ਨਹੀਂ, statutory grounds ਅਤੇ due process ਨਾਲ ਹੋਵੇਗੀ।

# ਭਾਗ-III — SPCA ਮੈਂਬਰ ਦੀ ਸ਼ਿਕਾਇਤ ਅਤੇ Integrity Mechanism

## 19. Double Accountability Principle

"ਜਵਾਬਦੇਹੀ ਮੰਗਣ ਵਾਲਾ ਵੀ ਜਵਾਬਦੇਹ ਹੋਵੇਗਾ।" SPCA ਆਪਣੇ Chairperson ਜਾਂ Member ਵਿਰੁੱਧ corruption, deliberate manipulation ਜਾਂ serious misconduct complaint ਦੀ merits investigation ਆਪ ਨਹੀਂ ਕਰੇਗੀ।

## 20. Independent SPCA Integrity Panel

SPCA ਤੋਂ ਵੱਖਰਾ Panel: Chief Justice, Punjab & Haryana High Court ਵੱਲੋਂ ਨਾਮਜ਼ਦ retired High Court Judge — Chairperson; retired District & Sessions Judge ਜਾਂ eminent independent legal expert — Member; ਅਤੇ independent forensic/anti-corruption/public-integrity expert — Member। Conflict ਵਾਲਾ ਵਿਅਕਤੀ Panel ਵਿੱਚ ਨਹੀਂ ਬੈਠੇਗਾ। ਫਾਈਨਲ ਇਨਕੁਆਇਰੀ ਨੂੰ ਚੇਅਰਪਰਸਨ ਆਪਣੀ ਟਿੱਪਣੀ ਅਤੇ ਸਿਫਾਰਿਸ਼ ਦਰਜ ਕਰਕੇ ਪੰਜਾਬ ਵਿਧਾਨ ਸਭਾ ਨੂੰ ਅਗਲੀ ਕਾਰਵਾਈ ਕਰਨ ਲਈ ਭੇਜੇਗਾ। ਪੰਜਾਬ ਵਿਧਾਨ ਸਭਾ ਬਹੁਮਤ ਦੇ ਨਾਲ ਸਹੀ ਅੰਤਿਮ ਫੈਸਲਾ ਲਵੇਗੀ।

### 21. Member ਦਾ Serious Misconduct

ਰਿਸ਼ਵਤ/undue advantage; gift/property/favour ਦੇ ਬਦਲੇ decision; political/police/business/private influence ਹੇਠ deliberate manipulation; case ਦਬਾਉਣਾ; investigation ਕਮਜ਼ੋਰ/ਬੰਦ ਕਰਾਉਣਾ; evidence hide/destroy/fabricate/alter ਕਰਨਾ ਜਾਂ ਕਰਾਉਣਾ; investigator ਉੱਤੇ illegal pressure; confidential information leak; conflict conceal ਕਰਨਾ; relative/associate ਨੂੰ benefit; case allocation manipulate ਕਰਨਾ; innocent ਨੂੰ ਜਾਣ-ਬੁੱਝ ਕੇ ਨੁਕਸਾਨ ਜਾਂ guilty person ਨੂੰ dishonest benefit ਦੇਣਾ।

### 22. Integrity Complaint Portal ਅਤੇ Preliminary Scrutiny

SPCA Member ਵਿਰੁੱਧ complaint ਲਈ ਵੱਖਰਾ secure Integrity Complaint Portal/receiving mechanism ਹੋਵੇਗਾ। Chairperson ਦੀ permission ਲੋੜੀਂਦੀ ਨਹੀਂ। Prescribed short period, ਨੀਤੀਕ ਤੌਰ ਉੱਤੇ 15 ਦਿਨਾਂ ਦੇ ਅੰਦਰ, prima facie scrutiny ਦਾ ਟੀਚਾ ਹੋਵੇਗਾ।

### 23. Recusal, Interim Safeguard ਅਤੇ Evidence Freeze

Prima facie risk ਹੋਣ ਉੱਤੇ Member concerned case ਤੋਂ ਤੁਰੰਤ recuse/divest ਹੋਵੇਗਾ। ਗੰਭੀਰ ਹਾਲਾਤ ਵਿੱਚ statutory procedure ਅਨੁਸਾਰ interim suspension ਦੀ recommendation ਹੋ ਸਕੇਗੀ। Case file, digital access logs, file movement, official emails, meeting records, draft orders, investigator notes, relevant CCTV ਅਤੇ legally obtainable digital records preserve ਹੋਣਗੇ।

### 24. Criminal Corruption ਅਤੇ Removal Proceedings

Bribery/criminal corruption ਦਾ prima facie material competent independent anti-corruption/criminal-investigation mechanism ਨੂੰ ਭੇਜਿਆ ਜਾਵੇਗਾ। Criminal Investigation ਅਤੇ Removal/Integrity Proceedings parallel ਚੱਲ ਸਕਣਗੀਆਂ। Resignation ਨਾਲ criminal liability ਖਤਮ ਨਹੀਂ ਹੋਵੇਗੀ। Removal ਲਈ Independent Inquiry » Notice » Fair Hearing » Reasoned Finding » Statutory Removal Process ਹੋਵੇਗੀ।

### 25. Proven Corruption, Tainted Case ਅਤੇ Beneficiary

Proven corruption/serious deliberate misconduct ਉੱਤੇ applicable law ਅਨੁਸਾਰ Removal, Future Disqualification, Criminal Prosecution ਅਤੇ lawful recovery/confiscation proceedings ਹੋ ਸਕਦੀਆਂ ਹਨ। Corruptly influenced original case ਦੀ Independent Re-Examination ਹੋਵੇਗੀ ਅਤੇ ਲੋੜ ਅਨੁਸਾਰ tainted decision review/set aside ਕਰਕੇ fresh decision ਹੋਵੇਗਾ। Bribe giver, intermediary ਅਤੇ beneficiary ਦੀ liability ਵੀ examine ਹੋਵੇਗੀ।

### 26. Whistleblower, Assets ਅਤੇ Mandatory Recusal

SPCA employee/investigator wrongdoing expose ਕਰੇ ਤਾਂ retaliation ਤੋਂ protection। Chairperson ਅਤੇ Members annual Assets & Interests Declaration ਦੇਣਗੇ। Personal, family, professional ਜਾਂ financial conflict ਹੋਵੇ ਤਾਂ Member concerned case ਤੋਂ recuse ਕਰੇਗਾ ਅਤੇ recusal record ਹੋਵੇਗਾ।

## ਭਾਗ-IV — SPCA WORKING RULES 2027

- Rule 1 — Constable ਤੋਂ DGP ਤੱਕ Single Window Complaint।
- Rule 2 — Complaint ਮੁਫ਼ਤ; ਵਕੀਲ ਲਾਜ਼ਮੀ ਨਹੀਂ।
- Rule 3 — Unique Tracking Number।
- Rule 4 — Serious incidents ਦੀ mandatory notification।
- Rule 5 — Urgent Evidence Preservation।
- Rule 6 — Serious misconduct ਲਈ Independent Investigation।
- Rule 7 — Suo Motu Cognizance।
- Rule 8 — Complainant Protection।
- Rule 9 — Witness Risk Assessment/Protection।
- Rule 10 — Time-Bound Investigation; delay ਲਈ Written Reasons + Supervisory Approval।
- Rule 11 — Natural Justice; ਦੋਵਾਂ ਪੱਖਾਂ ਲਈ fair hearing।
- Rule 12 — Reasoned Final Decision।
- Rule 13 — Prescribed cases ਵਿੱਚ Independent Review।
- Rule 14 — Criminal offence ਉੱਤੇ statutory referral ਅਤੇ Action Taken Tracking।

- Rule 15 — SPCA findings/recommendations ਨੂੰ applicable law ਅਧੀਨ effective statutory force।
- Rule 16 — Police Station/Lock-up Surprise Inspection।
- Rule 17 — CCTV failure ਦੀ independent verification।
- Rule 18 — Systemic Investigation।
- Rule 19 — Victim/Witness confidentiality।
- Rule 20 — Public Dashboard।
- Rule 21 — Annual Accountability Report ਅਤੇ independent performance audit।
- Rule 22 — Conflict of Interest ਉੱਤੇ Mandatory Recusal।
- Rule 23 — Political interference ਮਨਾਹੀ।
- Rule 24 — "Not Proved" ਆਪਣੇ ਆਪ "False Complaint" ਨਹੀਂ।
- Rule 25 — Honest Police Officer Protection।
- Rule 26 — SPCA ਆਪਣੇ Member ਦੀ serious misconduct inquiry ਆਪ ਨਹੀਂ ਕਰੇਗੀ।
- Rule 27 — Member complaint Independent Integrity Panel ਕੋਲ।
- Rule 28 — Bribery, undue influence ਅਤੇ deliberate manipulation Serious Misconduct।
- Rule 29 — Independent Integrity Complaint channel।
- Rule 30 — Prima facie scrutiny time-bound।
- Rule 31 — Influence risk ਉੱਤੇ Member concerned case ਤੋਂ ਵੱਖ।
- Rule 32 — SPCA records ਦਾ Evidence Freeze।
- Rule 33 — Criminal corruption competent independent agency ਨੂੰ।
- Rule 34 — Criminal ਅਤੇ Removal proceedings parallel ਹੋ ਸਕਦੀਆਂ ਹਨ।
- Rule 35 — Removal independent inquiry ਅਤੇ due process ਤੋਂ ਬਾਅਦ।
- Rule 36 — Proven corruption ਉੱਤੇ Zero Tolerance।
- Rule 37 — Corruptly influenced original case ਦੀ Fresh Independent Review।
- Rule 38 — Beneficiary, bribe giver ਅਤੇ intermediary ਦੀ applicable law ਅਨੁਸਾਰ ਜਾਂਚ।
- Rule 39 — SPCA Whistleblower Protection।
- Rule 40 — Annual Assets & Interests Declaration।
- Rule 41 — Conflict ਉੱਤੇ Mandatory Recusal।
- Rule 42 — Police ਵੀ ਕਾਨੂੰਨ ਤੋਂ ਉੱਪਰ ਨਹੀਂ; SPCA ਵੀ ਕਾਨੂੰਨ ਤੋਂ ਉੱਪਰ ਨਹੀਂ।

ਹਰ reform ਨੂੰ Constitution of India, Supreme Court ਦੀ police-reform jurisprudence, Punjab Police Act, applicable criminal procedure, evidence law, anti-corruption law, service rules ਅਤੇ State legislative competence ਨਾਲ harmonise ਕੀਤਾ ਜਾਵੇਗਾ।

## ਭਾਗ-V — 100-Day Implementation Plan

- Day 1–30: Legal & Institutional Audit।
- Day 1–45: Punjab Police Act Amendment Draft।
- Day 30–60: SPCA Selection & Integrity Rules।
- Day 30–75: Independent Investigation Support structure।
- Day 45–90: Complaint Portal + Integrity Complaint Portal।
- Day 45–100: Evidence Preservation Protocol।
- Day 60–100: Serious Incident Notification Protocol।
- Day 60–100: District Facilitation Centres rollout plan।
- ਪਹਿਲੇ 6 ਮਹੀਨੇ: investigators recruitment, forensic/cyber capacity, victim-support mechanism, district complaint centres, custody inspection teams, public dashboard ਅਤੇ Integrity Panel mechanism।
- 2027–28 ਦੇ ਪਹਿਲੇ operational year ਦੇ ਅੰਤ ਤੱਕ ਪੂਰਾ system ਕਾਰਜਸ਼ੀਲ ਕਰਨ ਦਾ ਟੀਚਾ।

# ਅਖੀਰੀ ਪੰਨਾ — ਪੰਜਾਬ ਦੇ ਲੋਕਾਂ ਲਈ 15 ਗਾਰੰਟੀਆਂ

- 1. Police complaint ਲਈ Police ਦੀ permission ਨਹੀਂ।
- 2. Constable ਤੋਂ DGP ਤੱਕ ਇੱਕ complaint gateway।
- 3. Serious police misconduct ਦੀ independent investigation।
- 4. Custodial death/serious incident ਉੱਤੇ automatic independent oversight।
- 5. CCTV ਅਤੇ digital evidence ਤੁਰੰਤ preserve।
- 6. Complainant ਅਤੇ witness ਦੀ protection।
- 7. ਹਰ final decision reasoned।
- 8. Prescribed cases ਵਿੱਚ independent review।
- 9. Police Stations/Lock-ups ਦੀ surprise inspection।
- 10. SPCA Members transparent merit-based process ਨਾਲ।
- 11. Serving Police Officer SPCA ਦਾ voting Member ਨਹੀਂ।
- 12. SPCA Member ਉੱਤੇ corruption complaint ਦੀ ਜਾਂਚ SPCA ਆਪ ਨਹੀਂ ਕਰੇਗੀ।
- 13. SPCA Member ਦੀ serious complaint ਲਈ Independent Integrity Panel।
- 14. Corrupt Member ਵੱਲੋਂ ਪ੍ਰਭਾਵਿਤ original case ਦੀ fresh independent re-examination।
- 15. Police, SPCA ਅਤੇ Government — ਕੋਈ ਵੀ ਕਾਨੂੰਨ ਤੋਂ ਉੱਪਰ ਨਹੀਂ।

## ਪੰਜਾਬ ਸਾਂਝੀਵਾਲਤਾ ਦਲ ਦਾ ਸੰਕਲਪ — 2027

"ਜਵਾਬਦੇਹੀ ਮੰਗਣ ਵਾਲਾ ਵੀ ਜਵਾਬਦੇਹ ਹੋਵੇਗਾ।"

ਨਾ ਪੁਲਿਸ ਕਾਨੂੰਨ ਤੋਂ ਉੱਪਰ, ਨਾ SPCA ਕਾਨੂੰਨ ਤੋਂ ਉੱਪਰ, ਨਾ ਸਰਕਾਰ ਕਾਨੂੰਨ ਤੋਂ ਉੱਪਰ।

"ਪੁਲਿਸ ਨੂੰ ਅਪਰਾਧੀ ਤੋਂ ਡਰਨ ਦੀ ਲੋੜ ਨਾ ਹੋਵੇ, ਅਤੇ ਕਾਨੂੰਨ ਮੰਨਣ ਵਾਲੇ ਨਾਗਰਿਕ ਨੂੰ ਪੁਲਿਸ ਤੋਂ ਡਰਨ ਦੀ ਲੋੜ ਨਾ ਹੋਵੇ।"

**ਪੰਜਾਬ ਸਾਂਝੀਵਾਲਤਾ ਦਲ — ਪੰਜਾਬ ਦੇ ਲੋਕਾਂ ਨੂੰ ਸਮਰਪਿਤ — 2027**

# ਪੰਜਾਬ ਦੀਆਂ ਜੇਲ੍ਹਾਂ ਦੇ ਪ੍ਰਬੰਧ ਵਿੱਚ ਸੁਧਾਰ

## ਜੇਲ੍ਹ ਸਮਰੱਥਾ ਤੋਂ ਵਾਧੂ ਭਾਰ

ਇਸ ਵੇਲੇ ਸਭ ਤੋਂ ਵੱਡੀ ਸਮੱਸਿਆ ਹੈ ਕੇ ਪੰਜਾਬ ਦੀਆਂ ਜੇਲਾਂ ਤੂੜੀ ਦੇ ਕੁੱਪ ਵਾਂਗੂ ਭਰੀਆਂ ਪਈਆਂ ਹਨ। ਇਸ ਕਾਰਨ ਕੈਦੀਆਂ ਨੂੰ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਹੜੀ ਜੇਲ੍ਹ ਦੀ ਸਮਰੱਥਾ 2000 ਕੈਦੀਆਂ ਦੀ ਹੈ ਉੱਥੇ 3000 ਤੱਕ ਕੈਦੀ ਵੀ ਰੱਖੇ ਹੋਏ ਹਨ। ਇਸ ਕਾਰਨ ਪ੍ਰਬੰਧ ਵਿਚ ਸਮੱਸਿਆ ਆਉਂਦੀਆਂ ਹਨ।

ਭੀੜ ਦੀ ਸਮਸਿਆ ਨੂੰ ਦੂਰ ਕਰਨ ਲਈ ਪੰਜਾਬ ਵਿੱਚ ਨਵੀਆਂ ਜੇਲਾਂ ਬਣਾਉਣ ਦੀ ਬਹੁਤ ਜਰੂਰਤ ਹੈ।

## ਜੇਲ੍ਹਾਂ 'ਚ ਸਟਾਫ਼ ਦੀ ਘਾਟ

ਜੇਲਾਂ ਵਿੱਚ ਸਟਾਫ ਬਹੁਤ ਘੱਟ ਹੈ ਇਸ ਕਰਕੇ ਪ੍ਰਬੰਧਕੀ ਨੁਕਸ ਰਹਿ ਜਾਂਦੇ ਹਨ।ਜੇਲਾਂ ਲਈ ਹੋਰ ਸਟਾਫ ਭਰਤੀ ਕੀਤਾ ਜਾਵੇਗਾ।

ਹਰ ਸਬ ਡਿਵੀਜ਼ਨ ਪੱਧਰ ਤੇ ਇੱਕ ਜੇਲ ਬਣਾਈ ਜਾਵੇਗੀ। ਇਸ ਤੋਂ ਇਲਾਵਾ ਜਿਨ੍ਹਾਂ ਨਵੇਂ ਬਣੇ ਜਿਲਿਆਂ ਵਿਚ ਡਿਸਟ੍ਰਿਕਟ ਜੇਲ ਨਹੀਂ ਉਥੇ ਡਿਸਟਰਿਕਟ ਜੇਲਾਂ ਬਣਾਈ ਜਾਵੇਗੀ। ਨਾਭਾ ਖੁੱਲੀ ਜੇਲ ਦੀ ਤਰਜ ਤੇ ਇੱਕ ਹੋਰ ਵੱਡੀ ਖੁੱਲੀ ਜੇਲ ਬਣਾਈ ਜਾਵੇਗੀ।

## ਜੇਲ੍ਹ ਸਿਹਤ ਸਹੂਲਤਾਂ

ਮੈਡੀਕਲ ਸਹੂਲਤਾਂ ਦੀ ਵੀ ਜੇਲਾਂ ਵਿੱਚ ਬਹੁਤ ਵੱਡੀ ਕਮੀ ਹੈ। ਡਾਕਟਰ ਬਹੁਤ ਘੱਟ ਹਨ। ਨਿਯਮਾਂ ਮੁਤਾਬਿਕ ਡਾਕਟਰਾਂ ਦੀ ਗਿਣਤੀ ਵਧਾਈ ਜਾਵੇਗੀ।

## ਪ੍ਰਤੀਵਿਅਕਤੀ ਜੇਲ੍ਹ ਰੋਜ਼ਾਨਾ ਖੁਰਾਕ

ਕੈਦੀਆਂ ਲਈ ਵਧੀਆ ਡਾਕਟਰੀ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਵੇਗਾ। ਖਾਣ ਦੇ ਪ੍ਰਬੰਧ ਵਿੱਚ ਵੀ ਸੁਧਾਰ ਕੀਤਾ ਜਾਵੇਗਾ, ਉਹਨਾਂ ਦੇ ਰਾਸ਼ਨ ਦੀ ਸਕੇਲ ਵੀ ਵਧਾਈ ਜਾਵੇਗੀ।

## ਕੈਦੀ ਰੁਝੇਵੇ

ਪੰਜਾਬ ਦੀਆਂ ਜੇਲਾਂ ਵਿੱਚ ਘਰੇਲੂ ਉਦਯੋਗ ਸ਼ੁਰੂ ਕੀਤੇ ਜਾਣਗੇ, ਤਾਂ ਕਿ ਕੈਦੀ ਉਥੇ ਕੰਮ ਕਰ ਸਕਣ ਅਤੇ ਨਵੀਆਂ ਸਕਿਲਾਂ ਸਿੱਖ ਸਕਣ। ਜੇਲਾਂ ਵਿਚ ਛੋਟੇ ਘਰਾਂ ਦੀ ਵਰਤੋਂ ਦਾ ਸਮਾਨ ਝਾੜੂ, ਪੋਚਾ, ਫੀਨਾਇਆਲ ਆਦਿ ਸਮਾਨ ਆਸਾਨੀ ਨਾਲ ਬਣਾਇਆ ਜਾ ਸਕਦਾ ਹੈ।

## ਫੋਨ ਸਮੱਸਿਆ

ਮੋਬਾਈਲਾਂ ਦੀ ਸਮੱਸਿਆ ਦੇ ਕਾਬੂ ਪਾਉਣ ਲਈ ਜੇਲਾਂ ਵਿੱਚ ਨਵੇਂ ਨਿਯਮ ਲਾਗੂ ਕਰਨੇ ਜਰੂਰੀ ਹਨ। ਜਿਸਦੇ ਨਾਂ ਤੇ ਮੋਬਾਈਲ ਖਰੀਦਿਆ ਜਾਂਦਾ ਹੈ ਤੇ ਜਿਸ ਦੇ ਨਾਂ ਤੇ ਸਿਮ ਲਿਆ ਜਾਂਦਾ ਹੈ, ਉਹਨਾਂ ਨੂੰ ਵੀ ਬਰਾਬਰ ਦਾ ਭਾਈਵਾਲ ਬਣਾਇਆ ਜਾਵੇਗਾ ਤੇ ਸਜ਼ਾ ਮਿਲੇਗੀ। ਜੇਲਾਂ ਵਿਚ ਕੈਦੀਆਂ ਨੂੰ ਫੋਨ ਵਰਤਣ ਤੋਂ ਰੋਕਣ ਲਈ ਜੈਮਰ ਲਾਏ ਜਾਣਗੇ।

## ਜੀਵਨ ਮੁੱਖ ਧਾਰਾ ਵੱਲ ਵਾਪਸੀ

ਇਸ ਤੋਂ ਇਲਾਵਾ ਜੇਲਾਂ ਵਿੱਚ ਸਮਾਜ ਸੁਧਾਰਕਾਂ, ਬੁੱਧੀਜੀਵੀਆਂ, ਮਨੋਵਿਗਿਆਨੀਆਂ ਅਤੇ ਧਾਰਮਿਕ ਵਿਅਕਤੀਆਂ ਦੇ ਲੈਕਚਰ ਵੀ ਕਰਵਾਏ ਜਾਇਆ ਕਰਨਗੇ। ਕੈਦੀਆਂ ਦਾ ਮਾਨਸਿਕ ਸ਼ਾਂਤੀ ਤੇ ਮਾਨਸਿਕ ਵਿਕਾਸ ਤੇ ਉਹਨਾਂ ਨੂੰ ਠੀਕ ਰਸਤੇ ਤੇ ਪਾਉਣ ਲਈ ਇਹ ਕਦਮ ਜਰੂਰੀ ਹਨ।

## ਜੇਲ੍ਹ ਤੋਂ ਜ਼ੁਰਮ

ਗੈਂਗਸਟਰਾਂ ਵੱਲੋਂ ਜੇਲ੍ਹਾਂ ਵਿੱਚੋਂ ਚਲਾਏ ਜਾ ਰਹੇ ਅਪਰਾਧਾਂ ਨੂੰ ਸੰਗਠਿਤ ਅਪਰਾਧ ਦੇ ਵਰਗ ਵਿੱਚ ਮੰਨਿਆ ਜਾਵੇਗਾ। ਇਸ ਕੰਮ ਲਈ ਜੇਲ੍ਹ ਮੁਖੀ ਨੂੰ ਜ਼ਿੰਮੇਵਾਰ ਮੰਨਦਿਆਂ ਡਿਪਟੀ ਕਮਿਸ਼ਨਰ ਦੀ ਰਿਪੋਰਟ ਉੱਤੇ ਮੁਅੱਤਲ ਕਰਕੇ ਵਿਭਾਗੀ ਕਾਰਵਾਈ ਸ਼ੁਰੂ ਕਰਨ ਦੀ ਪ੍ਣਾਲੀ ਲਾਗੂ ਕੀਤੀ ਜਾਵੇਗੀ।

## ਸਮਾਬੱਧ ਸਮੀਖਿਆ

ਡਿਪਟੀ ਕਮਿਸ਼ਨਰ ਮਹੀਨੇ ਅੰਦਰ ਤਿੰਨ ਦਫ਼ਾ ਜੇਲ੍ਹ ਦਾ ਦੋਰਾ ਕਰੇ। ਉਹ ਇਸ ਬਾਰੇ ਰਿਪੋਰਟ ਤੁਰੰਤ ਗ੍ਰਹਿ ਸਕੱਤਰ ਨੂੰ ਭੇਜੇਗਾ ਤੇ ਇਹ ਰਿਪੋਰਟ ਵਿਧਾਨ ਸਭਾ ਦੇ ਵਿਚ ਰੱਖੀ ਜਾਇਆ ਕਰੇਗੀ।

ਹਰ ਜੇਲ ਦਾ ਪੰਜਾਬ ਦੀ ਵਿਧਾਨ ਸਭਾ ਦੁਵਾਰਾ ਗਠਿਤ ਕਮੇਟੀ ਵੱਲੋਂ ਪੜਤਾਲ ਕਰਵਾਈ ਜਾਇਆ ਕਰੇਗੀ। ਪੜਤਾਲ ਰਿਪੋਰਟ ਵਿਧਾਨ ਸਭਾ ਦੇ ਟੇਬਲ ਤੇ ਬਹਿਸ ਲਈ ਰੱਖੀ ਜਾਇਆ ਕਰੇਗੀ ਤਾਂ ਕੇ ਸਾਰੇ ਮੈਂਬਰ ਉਸ ਤੇ ਬਹਿਸ ਕਰ ਸਕਣ ਅਤੇ ਜੇਲਾਂ ਦਾ ਪ੍ਰਬੰਧ ਨੂੰ ਠੀਕ ਹੋ ਸਕੇ।

# ਪੰਜਾਬ ਸਰਬੱਤ ਸਿਹਤ ਅਤੇ ਮਰੀਜ਼ ਸੁਰੱਖਿਆ ਨੀਤੀ–2027

## Punjab Universal Health & ਮਰੀਜ਼ ਸੁਰੱਖਿਆ Policy–2027

ਕਾਰਜਕਾਲ / Policy Period: 2027–2032

ਪੇਸ਼ਕਰਤਾ / Presented by: ਪੰਜਾਬ ਸਾਂਝੀਵਾਲਤਾ ਦਲ

ਪੰਜਾਬ ਦੇ ਲੋਕਾਂ ਨੂੰ ਸਮਰਪਿਤ / Dedicated to the People of Punjab

"ਮਰੀਜ਼ ਸਿਹਤ ਪ੍ਰਣਾਲੀ ਦੇ ਪਿੱਛੇ ਨਹੀਂ ਭੱਜੇਗਾ; ਸਿਹਤ ਪ੍ਰਣਾਲੀ ਮਰੀਜ਼ ਦੇ ਇਲਾਜ ਦੀ ਪੂਰੀ ਪ੍ਰਕਿਰਿਆ ਦੀ ਜ਼ਿੰਮੇਵਾਰੀ ਲਵੇਗਾ।"

### 1. ਪ੍ਰਸਤਾਵਨਾ / Introduction

ਇਸ Policy ਦਾ ਮਕਸਦ ਪੰਜਾਬ ਵਿੱਚ ਅਜਿਹੀ ਜਨਤਕ ਸਿਹਤ ਪ੍ਰਣਾਲੀ ਵਿਕਸਿਤ ਕਰਨਾ ਹੈ ਜਿਸ ਵਿੱਚ ਚੰਗਾ ਇਲਾਜ ਕਿਸੇ ਵੀ ਵਿਅਕਤੀ ਦੀ ਆਮਦਨ, ਰਹਿਣ ਦੀ ਥਾਂ ਜਾਂ ਨਿੱਜੀ ਪਹੁੰਚ ਉੱਤੇ ਨਿਰਭਰ ਨਾ ਰਹੇ।

ਸਿਹਤ ਪ੍ਰਣਾਲੀ ਦਾ ਮਤਲਬ ਸਿਰਫ਼ Hospital Building, Bed ਜਾਂ Medical Equipment ਨਹੀਂ ਹੋਵੇਗਾ। ਅਸਲ ਮਾਪਦੰਡ ਇਹ ਹੋਵੇਗਾ ਕਿ ਮਰੀਜ਼ ਨੂੰ ਸਮੇਂ ਸਿਰ Doctor, Medicine, Diagnostic Test, Emergency Care, Specialist Treatment, Referral ਅਤੇ Follow-up Care ਮਿਲੀ ਜਾਂ ਨਹੀਂ।

Policy ਦਾ ਧਿਆਨ ਸਿਰਫ਼ ਬਿਮਾਰੀ ਹੋਣ ਤੋਂ ਬਾਅਦ ਇਲਾਜ ਉੱਤੇ ਨਹੀਂ, ਸਗੋਂ Prevention » Early Detection » Diagnosis » Treatment » Rehabilitation » Follow-up ਦੀ ਪੂਰੀ ਲੜੀ ਉੱਤੇ ਹੋਵੇਗਾ।

ਕਿਸੇ ਵੀ ਨਵੀਂ Building ਜਾਂ ਵੱਡੀ Machine ਨੂੰ ਆਪਣੇ ਆਪ "ਸਿਹਤ ਸੁਧਾਰ" ਨਹੀਂ ਮੰਨਿਆ ਜਾਵੇਗਾ। ਉਸਦਾ ਲਾਭ ਮਰੀਜ਼ ਤੱਕ ਪਹੁੰਚਣਾ ਲਾਜ਼ਮੀ ਹੋਵੇਗਾ।

### 2. Policy ਦੇ ਮੁੱਖ ਉਦੇਸ਼ / Key Objectives

1. ਹਰ ਪਰਿਵਾਰ ਲਈ ਨੇੜੇ ਅਤੇ ਭਰੋਸੇਯੋਗ Primary Healthcare।
2. ਸਰਕਾਰੀ ਹਸਪਤਾਲਾਂ ਵਿੱਚ Doctor, Specialist, Nurse ਅਤੇ Technical Staff ਦੀ ਅਸਲ ਉਪਲਬਧਤਾ।
3. Essential Medicines ਦੀ ਲਗਾਤਾਰ ਅਤੇ ਮੁਫ਼ਤ ਉਪਲਬਧਤਾ।
4. Essential Diagnostic Tests ਸਮੇਂ ਸਿਰ ਅਤੇ ਮਰੀਜ਼ ਉੱਤੇ ਬੇਲੋੜਾ ਖਰਚ ਪਾਏ ਬਿਨਾਂ।
5. District Hospitals ਨੂੰ ਮਜ਼ਬੂਤ Multi-Specialty Hospitals ਵਜੋਂ ਵਿਕਸਿਤ ਕਰਨਾ।
6. 24×7 Emergency ਅਤੇ Trauma Care।
7. Cancer, Heart Disease, Stroke, Kidney Disease ਅਤੇ Diabetes ਲਈ ਸਮੇਂ ਸਿਰ ਜਾਂਚ ਅਤੇ ਇਲਾਜ।
8. Mother & Child Healthcare ਨੂੰ ਵਿਸ਼ੇਸ਼ ਤਰਜੀਹ।
9. Mental Health ਅਤੇ Drug De-addiction & Rehabilitation Services ਨੂੰ ਮਜ਼ਬੂਤ ਕਰਨਾ।
10. ਮਰੀਜ਼ ਅਧਿਕਾਰ ਅਤੇ ਮਰੀਜ਼ ਸੁਰੱਖਿਆ ਦੀ ਰੱਖਿਆ।
11. ਇਲਾਜ ਕਾਰਨ ਪਰਿਵਾਰ ਉੱਤੇ ਪੈਣ ਵਾਲੇ ਵੱਡੇ ਨਿੱਜੀ ਖਰਚ ਨੂੰ ਘਟਾਉਣਾ।
12. Corruption, Overbilling, ਬੇਲੋੜੇ Tests, ਬੇਲੋੜੀਆਂ Procedures ਅਤੇ ਅਣਅਧਿਕਾਰਤ ਵਸੂਲੀ ਉੱਤੇ ਸਖ਼ਤ ਨਿਗਰਾਨੀ।
13. ਹਰ ਸਿਹਤ ਸੰਸਥਾ ਦੀ performance ਨੂੰ measurable outcomes ਨਾਲ ਜੋੜਨਾ।

### 3. Five-Level Integrated ਸਿਹਤ ਪ੍ਰਣਾਲੀ

- Level 1 — Family Health & Wellness Centre: ਆਮ ਬਿਮਾਰੀਆਂ, vaccination, screening, pregnancy care, chronic diseases ਅਤੇ preventive ਸਿਹਤ ਸੇਵਾ ਲਈ ਪਹਿਲਾ ਸੰਪਰਕ ਕੇਂਦਰ।
- Level 2 — CommSupporty/Block ਸਿਹਤ ਕੇਂਦਰ: ਵੱਧ Diagnostic Services, Doctors, Emergency Support ਅਤੇ ਨਿਰਧਾਰਤ Specialist Services।
- Level 3 — Sub-Divisional Hospital: 24×7 Emergency, Indoor Admission, Delivery, General Surgery ਅਤੇ ਨਿਰਧਾਰਤ Specialist Services।
- Level 4 — District Multi-Specialty Hospital: Specialist Care, ICU, Surgery, Blood Services, Advanced Diagnostics ਅਤੇ Emergency Care ਦਾ ਮੁੱਖ ਜ਼ਿਲ੍ਹਾ ਕੇਂਦਰ।
- Level 5 — Government Medical College / Regional Super-Specialty Centre: ਬਹੁਤ ਗੰਭੀਰ ਅਤੇ Super-Specialty Treatment ਦੀ ਲੋੜ ਵਾਲੇ ਮਰੀਜ਼ਾਂ ਲਈ ਸਭ ਤੋਂ ਉੱਚਾ ਪੱਧਰ।

  ਇਨ੍ਹਾਂ ਪੰਜਾਂ levels ਨੂੰ ਵੱਖਰੇ hospitals ਵਾਂਗ ਨਹੀਂ, ਸਗੋਂ One Connected ਸਿਹਤ ਪ੍ਰਣਾਲੀ ਵਜੋਂ ਚਲਾਇਆ ਜਾਵੇ।

  ਲਾਜ਼ਮੀ Ventilator ਅਤੇ MRI ਸਹੂਲਤਾਂ: Five-Level Integrated Health System ਦੇ ਅਧੀਨ ਹਸਪਤਾਲਾਂ ਲਈ Critical Care ਅਤੇ Diagnostic Services ਦੇ ਘੱਟੋ-ਘੱਟ ਮਾਪਦੰਡ ਹੇਠ ਲਿਖੇ ਅਨੁਸਾਰ ਲਾਜ਼ਮੀ ਹੋਣਗੇ:
- Level 3 - Sub-Divisional Hospital: ਘੱਟੋ-ਘੱਟ 2 ਪੂਰੀ ਤਰ੍ਹਾਂ ਚਾਲੂ Ventilators ਹੋਣੇ ਲਾਜ਼ਮੀ ਹੋਣਗੇ।
- Level 4 - District Multi-Specialty Hospital: ਘੱਟੋ-ਘੱਟ 10 ਪੂਰੀ ਤਰ੍ਹਾਂ ਚਾਲੂ Ventilators ਅਤੇ ਇੱਕ ਚਾਲੂ MRI Machine ਹੋਣੀ ਅਤਿ ਜ਼ਰੂਰੀ ਹੋਵੇਗੀ।

- Level 5 - Government Medical College / Regional Super-Specialty Centre ਜਾਂ District Hospital ਤੋਂ ਉੱਪਰਲੇ ਪੱਧਰ ਦਾ ਸਰਕਾਰੀ Hospital: ਘੱਟੋ-ਘੱਟ 25 ਪੂਰੀ ਤਰ੍ਹਾਂ ਚਾਲੂ Ventilators ਅਤੇ ਇੱਕ ਚਾਲੂ MRI Machine ਹੋਣੀ ਅਤਿ ਜ਼ਰੂਰੀ ਹੋਵੇਗੀ।
- Ventilator ਸਿਰਫ਼ Machine ਦੀ ਮੌਜੂਦਗੀ ਨਾਲ ਉਪਲਬਧ ਨਹੀਂ ਮੰਨਿਆ ਜਾਵੇਗਾ। ਲੋੜੀਂਦਾ trained/competent Ventilator Operator ਜਾਂ Critical Care Staff, 24×7 clinical supervision, Oxygen Supply, Monitoring Equipment, Power Backup, Maintenance ਅਤੇ Consumables ਵੀ ਲਾਜ਼ਮੀ ਹੋਣਗੇ।
- MRI Machine ਲਈ qualified technical staff, reporting arrangement, maintenance, uninterrupted power supply ਅਤੇ ਲੋੜੀਂਦੇ safety arrangements ਲਾਜ਼ਮੀ ਹੋਣਗੇ। Machine ਖ਼ਰਾਬ ਹੋਣ ਦੀ ਸਥਿਤੀ ਵਿੱਚ ਤੁਰੰਤ alternative diagnostic arrangement ਅਤੇ ਸਮਾਂ-ਬੱਧ repair/restoration ਯਕੀਨੀ ਬਣਾਈ ਜਾਵੇਗੀ।

ਇਹ ਸਹੂਲਤਾਂ Policy ਦੇ Mandatory Minimum Standards ਹੋਣਗੀਆਂ ਅਤੇ ਇਨ੍ਹਾਂ ਦੀ monitoring ਅਤੇ accountability ਪੁਆਇੰਟ 9, 21, 31, 37, 38, 42 ਅਤੇ 43 ਅਨੁਸਾਰ ਕੀਤੀ ਜਾਵੇਗੀ।

## 4. Family ਸਿਹਤ ਪ੍ਰਣਾਲੀ

ਹਰ ਪਰਿਵਾਰ ਨੂੰ ਇੱਕ ਨਿਰਧਾਰਤ ਨੇੜਲੇ ਸਿਹਤ ਕੇਂਦਰ ਨਾਲ ਜੋੜਿਆ ਜਾਵੇ। ਇਸ centre ਦੀ ਜ਼ਿੰਮੇਵਾਰੀ ਸਿਰਫ਼ ਬਿਮਾਰੀ ਵੇਲੇ ਦਵਾਈ ਦੇਣੀ ਨਹੀਂ ਹੋਵੇਗੀ। Prevention ਅਤੇ Early Detection ਨੂੰ ਬਰਾਬਰ ਮਹੱਤਵ ਦਿੱਤਾ ਜਾਵੇਗੀ।

ਉਮਰ ਅਤੇ medical risk ਅਨੁਸਾਰ Blood Pressure, Diabetes ਅਤੇ ਹੋਰ ਲੋੜੀਂਦੀ Screening ਕੀਤੀ ਜਾਵੇਗੀ। Pregnant Women, Children, Elderly Persons ਅਤੇ Chronic Disease Patients ਦੀ Follow-up Care ਲਈ ਸਪਸ਼ਟ ਪ੍ਰਣਾਲੀ ਹੋਵੇ।

ਮਕਸਦ: "ਬਿਮਾਰੀ ਗੰਭੀਰ ਹੋਣ ਤੋਂ ਪਹਿਲਾਂ ਉਸਦੀ ਪਛਾਣ ਅਤੇ ਇਲਾਜ।"

## 5. One Patient — One Continuous Health Record

ਮਰੀਜ਼ ਦੀ informed consent, ਨਿੱਜਤਾ ਅਤੇ data security ਦੀ ਰੱਖਿਆ ਨਾਲ ਇੱਕ Continuous Digital Health Record ਵਿਕਸਿਤ ਕੀਤਾ ਜਾਵੇਗੀ।

ਇਸ ਵਿੱਚ ਲੋੜ ਅਨੁਸਾਰ Previous Diagnosis, Important Test Reports, Current Medicines, Drug Allergies, Chronic Diseases, Previous Admissions, Major Procedures, Operations ਅਤੇ Referral History ਦਰਜ ਹੋ ਸਕਣ।

ਮਰੀਜ਼ ਦਾ record ਇੱਕ hospital ਵਿੱਚ ਬੰਦ ਨਾ ਰਹੇ। ਅਧਿਕਾਰਤ ਸਿਹਤ ਸੇਵਾ ਪ੍ਰਦਾਤਾ ਨੂੰ ਮਰੀਜ਼ ਦੀ ਸਹਿਮਤੀ ਅਤੇ ਲਾਗੂ ਨਿੱਜਤਾ rules ਅਨੁਸਾਰ ਲੋੜੀਂਦੀ ਜਾਣਕਾਰੀ ਮਿਲ ਸਕੇ। ਇਸ ਨਾਲ duplicate tests ਅਤੇ ਇਲਾਜ ਵਿੱਚ ਗ਼ਲਤੀਆਂ ਘਟਾਉਣ ਵਿੱਚ ਮਦਦ ਮਿਲੇਗੀ।

## 6. Essential Medicines Guarantee

ਹਰ ਪੱਧਰ ਦੇ hospital ਲਈ Essential Medicines List ਤੈਅ ਕੀਤੀ ਜਾਵੇਗੀ। Drug Procurement, Quality Testing, Storage ਅਤੇ Distribution ਦੀ ਪੂਰੀ supply chain digital tracking ਹੇਠ ਹੋਵੇ।

Stock ਦੀ ਸਥਿਤੀ Available » Low Stock » Critical Stock » Out of Stock ਵਜੋਂ monitor ਕੀਤੀ ਜਾਵੇਗੀ। Critical level ਉੱਤੇ ਪਹੁੰਚਣ ਤੋਂ ਪਹਿਲਾਂ replenishment process ਸ਼ੁਰੂ ਹੋਵੇ।

ਜੇ prescribed essential medicine hospital ਵਿੱਚ ਉਪਲਬਧ ਹੈ, ਤਾਂ ਮਰੀਜ਼ ਨੂੰ ਉਹੀ medicine ਬਾਹਰੋਂ ਖਰੀਦਣ ਲਈ ਮਜ਼ਬੂਰ ਨਾ ਕੀਤਾ ਜਾਵੇ। Drug Purchase Record, Stock Register ਅਤੇ ਮਰੀਜ਼ ਨੂੰ ਦਿੱਤੀਆਂ ਦਵਾਈਆਂ ਦਾ ਰਿਕਾਰਡ ਦੀ cross-checking ਹੋ ਸਕੇ।

## 7. Essential Diagnostics Guarantee

ਹਰ ਪੱਧਰ ਦੀ ਸਿਹਤ ਸਹੂਲਤ ਲਈ Essential Diagnostic Tests List ਹੋਵੇ।

ਜੇ ਡਾਕਟਰੀ ਤੌਰ 'ਤੇ ਜ਼ਰੂਰੀ test ਸਰਕਾਰੀ hospital ਵਿੱਚ Machine Breakdown, Technician ਦੀ ਗੈਰਹਾਜ਼ਰੀ ਜਾਂ Capacity ਦੀ ਅਸਥਾਈ ਘਾਟ ਕਾਰਨ ਲੋੜੀਂਦੇ ਸਮੇਂ ਅੰਦਰ ਨਹੀਂ ਹੋ ਸਕਦਾ, ਤਾਂ approved external laboratory ਜਾਂ diagnostic centre ਤੋਂ ਉਹ test ਮਰੀਜ਼ ਤੋਂ ਮੌਕੇ ਉੱਤੇ ਭੁਗਤਾਨ ਲਏ ਬਿਨਾਂ ਕਰਵਾਉਣ ਦੀ ਪ੍ਰਣਾਲੀ ਬਣਾਈ ਜਾਵੇਗੀ।

ਮਰੀਜ਼ ਨੂੰ ਸਿਰਫ਼ "Test ਬਾਹਰੋਂ ਕਰਵਾ ਲਓ" ਕਹਿ ਦੇਣਾ hospital ਦੀ ਜ਼ਿੰਮੇਵਾਰੀ ਪੂਰੀ ਨਹੀਂ ਮੰਨੀ ਜਾਵੇਗੀ।

## 8. Doctors, Specialists & Nursing Staff Guarantee

Staff Planning ਸਿਰਫ਼ sanctioned posts ਉੱਤੇ ਆਧਾਰਿਤ ਨਹੀਂ ਹੋਵੇਗੀ। ਅਸਲ ਲੋੜ ਨਿਰਧਾਰਤ ਕਰਦਿਆਂ Daily OPD Load + Indoor Patients + Emergency Load + 24×7 Duty Requirement + Surgery Load + Maternity Services + ICU Requirement + Local Disease Pattern ਦੇਖਿਆ ਜਾਵੇਗਾ।

ਹਰ hospital ਲਈ ਲੋੜੀਂਦਾ Staff vs ਅਸਲ ਵਿੱਚ ਉਪਲਬਧ Staff ਮਾਪਿਆ ਜਾਵੇਗਾ। Border, Kandi ਅਤੇ ਹੋਰ underserved areas ਲਈ Hard-Area Allowance, suitable accommodation, fixed tenure ਅਤੇ career incentives ਵਰਗੇ ਪ੍ਰਬੰਧ ਕੀਤੇ ਜਾਣਗੇ।

## 9. District Hospital Transformation Programme

ਹਰ District Hospital ਦਾ independent ਕਮੀਆਂ ਦਾ ਮੁਲਾਂਕਣ ਹੋਵੇ। Assessment ਵਿੱਚ Beds, Doctors, Specialists, Nurses, ICU, Operation Theatres, Blood Services, Laboratory, X-ray, CT Scan, MRI, Ultrasound, Medicines, Oxygen, Emergency ਅਤੇ Support Services ਦੀ ਜਾਂਚ ਹੋਵੇਗੀ।

ਸਿਰਫ਼ hospital ਵਿੱਚ ਪਿਆ bed Functional Bed ਨਹੀਂ ਮੰਨਿਆ ਜਾਵੇਗਾ। Functional Bed ਲਈ ਲੋੜੀਂਦਾ Staff, Oxygen, Medicines, Diagnostics ਅਤੇ

Clinical Support ਵੀ ਉਪਲਬਧ ਹੋਣੇ ਚਾਹੀਦੇ ਹਨ।

ਲਾਜ਼ਮੀ Critical Care Standard: ਹਰ Sub-Divisional Hospital ਵਿੱਚ ਘੱਟੋ-ਘੱਟ 2 ਪੂਰੀ ਤਰ੍ਹਾਂ ਚਾਲੂ Ventilators ਹੋਣੇ ਅਤਿ ਜ਼ਰੂਰੀ ਹੋਣਗੇ। ਹਰ District Hospital ਵਿੱਚ ਘੱਟੋ-ਘੱਟ 10 ਪੂਰੀ ਤਰ੍ਹਾਂ ਚਾਲੂ Ventilators ਅਤੇ Government Medical College Hospital, Regional Super-Specialty Hospital ਜਾਂ District Hospital ਤੋਂ ਉੱਪਰਲੇ ਪੱਧਰ ਦੇ ਸਰਕਾਰੀ Hospital ਵਿੱਚ ਘੱਟੋ-ਘੱਟ 25 ਪੂਰੀ ਤਰ੍ਹਾਂ ਚਾਲੂ Ventilators ਹੋਣੇ ਲਾਜ਼ਮੀ ਹੋਣਗੇ।

Ventilator ਦੀ ਗਿਣਤੀ ਸਿਰਫ਼ Machine ਦੀ ਮੌਜੂਦਗੀ ਨਾਲ ਪੂਰੀ ਨਹੀਂ ਮੰਨੀ ਜਾਵੇਗੀ। ਹਰ Ventilator ਲਈ ਉਸਨੂੰ ਸੁਰੱਖਿਅਤ ਢੰਗ ਨਾਲ ਚਲਾਉਣ ਲਈ ਲੋੜੀਂਦਾ trained/ competent Ventilator Operator ਜਾਂ Critical Care Staff, 24×7 clinical supervision, Oxygen Supply, Monitoring Equipment, Power Backup, Maintenance ਅਤੇ Consumables ਦੀ ਉਪਲਬਧਤਾ ਵੀ ਅਤਿ ਜ਼ਰੂਰੀ ਹੋਵੇਗੀ।

ਹਰ District Hospital ਅਤੇ ਉਸ ਤੋਂ ਉੱਪਰਲੇ ਪੱਧਰ ਦੇ ਸਰਕਾਰੀ Hospital ਵਿੱਚ MRI Machine ਦਾ ਹੋਣਾ ਅਤੇ ਉਸਦਾ ਚਾਲੂ ਹਾਲਤ ਵਿੱਚ ਰਹਿਣਾ ਅਤਿ ਜ਼ਰੂਰੀ ਹੋਵੇਗਾ। MRI ਲਈ qualified technical staff, reporting arrangement, maintenance, uninterrupted power supply ਅਤੇ ਲੋੜੀਂਦੇ safety arrangements ਵੀ ਲਾਜ਼ਮੀ ਹੋਣਗੇ।

## 10. 24×7 Emergency & Trauma Care Network

ਪੰਜਾਬ ਵਿੱਚ integrated Emergency & Trauma Care Network ਬਣਾਇਆ ਜਾਵੇਗਾ। Ambulance ਸਿਰਫ਼ transportation vehicle ਨਹੀਂ, ਸਗੋਂ emergency care ਦੀ ਪਹਿਲੀ medical link ਹੋਵੇਗਾ।

Heart Attack, Stroke, Road Accident, Major Trauma, Burns, Poisoning ਅਤੇ Obstetric Emergency ਲਈ standard clinical pathways ਹੋਣਗੇ। Ambulance Control Room ਨੂੰ ਨੇੜਲੇ hospitals ਦੀ Emergency Facility, ICU, Blood Service ਅਤੇ Specialist ਉਪਲਬਧਤਾ ਦੀ ਜਾਣਕਾਰੀ ਹੋਵੇਗੀ।

ਗੰਭੀਰ ਮਰੀਜ਼ ਨੂੰ ਅਜਿਹੇ hospital ਵਿੱਚ ਨਾ ਭੇਜਿਆ ਜਾਵੇ ਜਿੱਥੇ ਉਸਦੇ ਲੋੜੀਂਦੇ ਇਲਾਜ ਦੀ ਸਹੂਲਤ ਹੀ ਨਾ ਹੋਵੇ।

## 11. Closed-Loop Referral System

Referral ਦਾ ਮਤਲਬ ਸਿਰਫ਼ slip ਦੇ ਕੇ ਮਰੀਜ਼ ਨੂੰ ਦੂਜੇ hospital ਭੇਜਣਾ ਨਹੀਂ ਹੋਵੇਗਾ।

Stabilization » Referral Decision » Receiving Hospital Confirmation » Appropriate Ambulance » Transfer of Medical Information » Treatment » Follow-up ਦੀ chain ਬਣਾਈ ਜਾਵੇਗੀ।

ਉੱਚ ਸਿਹਤ ਕੇਂਦਰ ਵਿੱਚ Treatment ਪੂਰਾ ਹੋਣ ਤੋਂ ਬਾਅਦ ਲੋੜ ਅਨੁਸਾਰ ਮਰੀਜ਼ ਨੂੰ ਮੁੜ local ਸਿਹਤ ਕੇਂਦਰ ਨਾਲ ਜੋੜਿਆ ਜਾਵੇਗਾ।

## 12. Cancer, Heart, Stroke, Kidney & Diabetes Mission

ਇਨ੍ਹਾਂ ਬਿਮਾਰੀਆਂ ਲਈ Prevention » Risk Screening » Diagnosis » Treatment » Rehabilitation » Follow-up ਦਾ integrated model ਬਣਾਇਆ ਜਾਵੇਗਾ।

ਹਰ ਜ਼ਿਲ੍ਹੇ ਵਿੱਚ ਹਰ ਮਹਿੰਗੀ Super-Specialty Facility ਬਣਾਉਣ ਦੀ ਥਾਂ District Hospitals, Medical Colleges ਅਤੇ Regional Centres ਨੂੰ ਇੱਕ network ਵਿੱਚ ਜੋੜਿਆ ਜਾਵੇਗਾ। Serious disease ਦੀ diagnosis ਤੋਂ ਬਾਅਦ ਮਰੀਜ਼ ਨੂੰ Patient Navigation Support ਦਿੱਤੀ ਜਾਵੇਗੀ।

## 13. Mother & Child Health Guarantee

Pregnancy Registration ਤੋਂ Delivery ਅਤੇ Post-Natal Care ਤੱਕ continuity of care ਯਕੀਨੀ ਬਣਾਈ ਜਾਵੇ। High-Risk Pregnancy ਦੀ early identification ਹੋਵੇ।

ਲੋੜ ਪੈਣ ਉੱਤੇ Ambulance, Blood, Emergency Delivery, Caesarean Section ਅਤੇ Newborn Care connected system ਵਿੱਚ ਉਪਲਬਧ ਹੋਣ। ਗਰਭਵਤੀ ਮਹਿਲਾ ਨੂੰ emergency ਵਿੱਚ ਇੱਕ hospital ਤੋਂ ਦੂਜੇ hospital ਭਟਕਾਉਣ ਦੀ ਪ੍ਰਥਾ ਖ਼ਤਮ ਕਰਨ ਨੂੰ ਮਰੀਜ਼ ਦੀ ਸੁਰੱਖਿਆ ਲਈ ਤਰਜ਼ੀਹ ਬਣਾਇਆ ਜਾਵੇਗਾ।

## 14. Mental Health Services

Primary Health level ਉੱਤੇ common Mental Health Problems ਦੀ early identification ਅਤੇ basic counselling ਦੀ ਵਿਵਸਥਾ ਹੋਵੇ। District level ਉੱਤੇ Psychiatrist, Psychologist, Counsellor ਅਤੇ ਲੋੜੀਂਦਾ Mental Health Support ਉਪਲਬਧ ਕਰਵਾਇਆ ਜਾਵੇਗਾ।

Serious Mental Illness ਵਾਲੇ ਮਰੀਜ਼ਾਂ ਲਈ ਇਲਾਜ ਦੀ ਲਗਾਤਾਰਤਾ, medicines ਅਤੇ follow-up ਦੀ ਪ੍ਰਣਾਲੀ ਹੋਵੇ। Mental Illness ਨੂੰ stigma ਦਾ ਨਹੀਂ, ਸਿਹਤ ਸੇਵਾ ਦਾ ਵਿਸ਼ਾ ਮੰਨਿਆ ਜਾਵੇਗਾ।

## 15. Drug De-addiction & Rehabilitation

Drug Dependence ਨੂੰ medical, psychological ਅਤੇ social rehabilitation ਦੀ ਲੋੜ ਵਾਲੀ health condition ਵਜੋਂ ਵੀ ਸੰਭਾਲਿਆ ਜਾਵੇਗਾ।

Treatment ਵਿੱਚ Medical Treatment + Counselling + Family Support + Rehabilitation + Skill Development + Social Reintegration + Follow-up ਸ਼ਾਮਿਲ ਹੋਣ। Relapse ਹੋਣ ਉੱਤੇ treatment ਵਿੱਚ ਦੁਬਾਰਾ ਦਾਖ਼ਲ ਹੋਣ ਦੀ ਸਪੱਸ਼ਟ ਵਿਵਸਥਾ ਹੋਵੇਗੀ।

## 16. Environmental & Occupational Health

ਉਦਯੋਗਿਕ ਖੇਤਰਾਂ, ਪ੍ਰਦੂਸ਼ਿਤ ਪਾਣੀ ਜਾਂ ਹਵਾ ਬਾਰੇ ਭਰੋਸੇਯੋਗ ਸ਼ਿਕਾਇਤਾਂ ਪ੍ਰਾਪਤ ਹੋਣ ਵਾਲੇ ਇਲਾਕਿਆਂ ਅਤੇ ਖ਼ਤਰਨਾਕ ਰਸਾਇਣਾਂ ਦੇ ਸੰਪਰਕ ਵਿੱਚ ਆਉਣ ਵਾਲੇ ਕਾਮਿਆਂ ਲਈ Environmental & Occupational Health Surveillance ਦੀ ਪ੍ਰਣਾਲੀ ਵਿਕਸਿਤ ਕੀਤੀ ਜਾਵੇਗੀ।

ਜੇ ਕਿਸੇ ਇਲਾਕੇ ਵਿੱਚ ਕਿਸੇ ਖ਼ਾਸ ਬਿਮਾਰੀ ਦਾ ਅਸਧਾਰਨ ਰੁਝਾਨ ਸਾਹਮਣੇ ਆਵੇ, ਤਾਂ ਵਿਗਿਆਨਕ ਜਾਂਚ ਕਰਵਾਈ ਜਾਵੇਗੀ। ਸਿਹਤ ਵਿਭਾਗ, ਪ੍ਰਦੂਸ਼ਣ ਨਿਯੰਤਰਣ ਅਧਿਕਾਰੀਆਂ ਅਤੇ ਹੋਰ ਸੰਬੰਧਿਤ ਏਜੰਸੀਆਂ ਵਿਚਕਾਰ ਲੋੜ ਅਨੁਸਾਰ ਜਾਣਕਾਰੀ ਸਾਂਝੀ ਕਰਨ ਅਤੇ ਸਾਂਝੀ ਜਾਂਚ ਦੀ ਪ੍ਰਣਾਲੀ ਹੋਵੇਗੀ।

## 17. Elderly & Chronic Care

Senior Citizens ਲਈ age-appropriate screening ਅਤੇ chronic disease management ਉਪਲਬਧ ਹੋਵੇਗੀ। Diabetes, Hypertension, Heart Disease, Kidney Disease, Respiratory Disease ਅਤੇ ਹੋਰ long-term conditions ਵਾਲੇ ਮਰੀਜ਼ਾਂ ਲਈ ਇਲਾਜ ਦੀ ਲਗਾਤਾਰ ਦੇਖਭਾਲ ਬਣਾਈ ਜਾਵੇਗੀ।

Stable chronic patients ਲਈ ਡਾਕਟਰੀ ਸੁਰੱਖਿਆ ਅਨੁਸਾਰ follow-up system ਸੌਖਾ ਕੀਤਾ ਜਾਵੇਗਾ।

## 18. Palliative & Supportive Care

Cancer ਅਤੇ ਹੋਰ ਗੰਭੀਰ ਬਿਮਾਰੀਆਂ ਵਾਲੇ ਮਰੀਜ਼ਾਂ ਲਈ Pain Relief, Symptom Control, Nursing Support ਅਤੇ Family Counselling ਉਪਲਬਧ ਹੋਵੇਗੀ।

ਜਿੱਥੇ disease cure ਕਰਨੀ ਸੰਭਵ ਨਾ ਹੋਵੇ, ਉੱਥੇ ਵੀ ਮਰੀਜ਼ ਨੂੰ ਬੇਲੋੜੇ ਦਰਦ ਅਤੇ ਤਕਲੀਫ਼ ਵਿੱਚ ਛੱਡਣਾ ਸਿਹਤ ਸੇਵਾ ਦਾ ਸਵੀਕਾਰਯੋਗ ਨਤੀਜਾ ਨਹੀਂ ਮੰਨਿਆ ਜਾਵੇਗਾ।

## 19. ਮਰੀਜ਼ ਅਧਿਕਾਰ ਚਾਰਟਰ / Patient Rights Charter

ਹਰ hospital ਵਿੱਚ ਮਰੀਜ਼ ਅਧਿਕਾਰ Charter ਪ੍ਰਮੁੱਖ ਥਾਂ ਉੱਤੇ Punjabi ਅਤੇ ਲੋੜ ਅਨੁਸਾਰ ਹੋਰ ਭਾਸ਼ਾਵਾਂ ਵਿੱਚ ਦਰਸਾਇਆ ਜਾਵੇਗਾ।

ਮਰੀਜ਼ ਨੂੰ ਲਾਗੂ ਕਾਨੂੰਨ ਅਤੇ ਡਾਕਟਰੀ ਲੋੜਾਂ ਅਨੁਸਾਰ ਆਪਣੀ ਬਿਮਾਰੀ, ਪ੍ਰਸਤਾਵਿਤ ਇਲਾਜ, ਇਲਾਜ ਦੇ ਵਿਕਲਪ, ਸੰਭਾਵਿਤ ਖਰਚ, informed consent, ਨਿੱਜਤਾ, ਮਰਿਆਦਾ, medical records, test reports, itemized bill ਅਤੇ ਸ਼ਿਕਾਇਤ ਨਿਵਾਰਣ ਬਾਰੇ ਹੱਕ ਹੋਵੇਗਾ।

ਐਮਰਜੈਂਸੀ ਵਿੱਚ ਭੁਗਤਾਨ ਸਬੰਧੀ ਵਿਵਾਦ ਨੂੰ ਡਾਕਟਰੀ ਤੌਰ 'ਤੇ ਜ਼ਰੂਰੀ ਤੁਰੰਤ stabilization ਵਿੱਚ ਰੁਕਾਵਟ ਨਹੀਂ ਬਣਨ ਦਿੱਤਾ ਜਾਵੇਗਾ।

## 20. Right to Timely Treatment

Patients ਦੀ priority ਡਾਕਟਰੀ ਲੋੜ ਦੇ ਆਧਾਰ ਉੱਤੇ ਤੈਅ ਹੋਵੇ: Emergency » Urgent » Priority » Routine।

ਵੱਖ-ਵੱਖ services ਲਈ clinical experts ਦੀ ਸਲਾਹ ਨਾਲ reasonable Maximum Waiting-Time Standards ਤੈਅ ਕੀਤੇ ਜਾਣਗੇ। VIP recommendation ਜਾਂ personal influence ਕਾਰਨ ਡਾਕਟਰੀ ਤੌਰ 'ਤੇ ਵੱਧ ਗੰਭੀਰ patient ਨੂੰ ਪਿੱਛੇ ਨਾ ਕੀਤਾ ਜਾਵੇ।

## 21. Medical Equipment Uptime Guarantee

CT, MRI, X-ray, Ultrasound, Ventilator ਅਤੇ major Laboratory Equipment ਲਈ Equipment Status Register ਹੋਵੇਗਾ।

ਇਸ ਵਿੱਚ Working / Not Working / Breakdown Date / ਸ਼ਿਕਾਇਤ Date / Repair Status / Restoration Date ਦਰਜ ਹੋਵੇਗਾ। Machine ਦੇ ਲੰਬੇ ਸਮੇਂ ਤੱਕ ਬੰਦ ਰਹਿਣ ਦੀ ਸਥਿਤੀ ਵਿੱਚ administrative ਜਵਾਬਦੇਹੀ ਤੈਅ ਹੋਵੇਗੀ।

Ventilator ਅਤੇ MRI ਨੂੰ Essential Critical Equipment ਮੰਨਿਆ ਜਾਵੇਗਾ। ਇਨ੍ਹਾਂ ਦੀ Working Status ਦੀ ਰੋਜ਼ਾਨਾ ਨਿਗਰਾਨੀ ਹੋਵੇਗੀ। Machine ਖ਼ਰਾਬ ਹੋਣ ਦੀ ਸਥਿਤੀ ਵਿੱਚ Breakdown Date, Complaint/Repair Order Date, Alternative Patient Arrangement, Repair Status ਅਤੇ Restoration Date ਦਰਜ ਕਰਨੀ ਲਾਜ਼ਮੀ ਹੋਵੇਗੀ।

Ventilator ਜਾਂ MRI ਦੀ ਲਾਜ਼ਮੀ ਘੱਟੋ-ਘੱਟ ਸਹੂਲਤ ਵਿੱਚ ਕਮੀ ਨੂੰ ਆਮ ਪ੍ਰਬੰਧਕੀ ਕਮੀ ਨਹੀਂ ਮੰਨਿਆ ਜਾਵੇਗਾ। ਇਸਨੂੰ ਮਰੀਜ਼ ਸੁਰੱਖਿਆ ਨਾਲ ਜੁੜੀ ਗੰਭੀਰ ਕਮੀ ਵਜੋਂ ਦਰਜ ਕਰਕੇ ਸਮਾਂ-ਬੱਧ ਕਾਰਵਾਈ ਕੀਤੀ ਜਾਵੇਗੀ।

## 22. Role of Private Hospitals

Private Sector ਨੂੰ ਜਨਤਕ ਸਿਹਤ ਪ੍ਰਣਾਲੀ ਦੇ permanent replacement ਵਜੋਂ ਨਹੀਂ, ਸਗੋਂ ਲੋੜ ਅਨੁਸਾਰ supplementary capacity ਵਜੋਂ ਵਰਤਿਆ ਜਾਵੇਗਾ।

Public-funded treatment ਲਈ empanelled private hospitals ਉੱਤੇ Defined Package Rates + Itemized Billing + Clinical Quality Standards + Fraud Control + Patient Grievance Mechanism ਲਾਗੂ ਹੋਣਗੇ।

ਬੇਲੋੜੀ Admission, ਬੇਲੋੜੀ Surgery, ਝੂਠੀ Billing, Ghost Patients ਜਾਂ Double Billing ਵਰਗੀਆਂ irregularities ਦੀ ਜਾਂਚ ਹੋਵੇਗੀ ਅਤੇ ਦੋਸ਼ ਸਾਬਤ ਹੋਣ ਉੱਤੇ due process ਅਨੁਸਾਰ recovery, penalty ਜਾਂ empanelment action ਹੋ ਸਕੇ।

## 23. 23-District Health Master Plan

ਪੰਜਾਬ ਦੇ ਹਰ ਜ਼ਿਲ੍ਹੇ ਲਈ ਵੱਖਰਾ District Health Master Plan ਬਣਾਇਆ ਜਾਵੇਗਾ।

ਹਰ plan ਵਿੱਚ ਮੌਜੂਦਾ ਸਮਰੱਥਾ » ਲੋੜੀਂਦੀ ਸਮਰੱਥਾ » Gap » ਪ੍ਰਸਤਾਵਿਤ ਕਾਰਵਾਈ » ਪੂੰਜੀ ਖਰਚ » ਸਾਲਾਨਾ ਚਾਲੂ ਖਰਚ » ਪੂਰਾ ਕਰਨ ਦੀ ਸਮਾਂ-ਸੀਮਾ ਦਰਸਾਇਆ ਜਾਵੇਗਾ।

Audit ਅਤੇ ਲੋੜ ਦਾ ਮੁਲਾਂਕਣ ਤੋਂ ਪਹਿਲਾਂ beds, hospitals, machines ਜਾਂ total expenditure ਦੇ ਮਨਘੜਤ figures Policy ਵਿੱਚ fix ਨਾ ਕੀਤੇ ਜਾਣ।

## 24. Regional Super-Specialty Network

ਨਵੇਂ Super-Specialty Centres ਸਿਰਫ਼ announcement ਦੇ ਆਧਾਰ ਉੱਤੇ ਨਾ ਬਣਾਏ ਜਾਣ। ਫ਼ੈਸਲੇ ਤੋਂ ਪਹਿਲਾਂ Population, Travel Time, Disease Pattern, ਮੌਜੂਦਾ ਸਮਰੱਥਾ ਅਤੇ Referral Data ਦੀ ਜਾਂਚ ਹੋਵੇਗੀ।

ਜਿੱਥੇ existing Government Medical College ਨੂੰ upgrade ਕਰਨਾ ਵੱਧ practical ਹੋਵੇ, ਉੱਥੇ ਨਵੀਂ institution ਬਣਾਉਣ ਦੀ ਥਾਂ ਪਹਿਲਾਂ existing capacity ਮਜ਼ਬੂਤ ਕਰਨ ਨੂੰ ਤਰਜ਼ੀਹ ਦਿੱਤੀ ਜਾਵੇਗੀ।

## 25. Health Equity Fund

ਪਿੱਛੜੇ ਅਤੇ ਘੱਟ ਸਿਹਤ ਸਹੂਲਤਾਂ ਵਾਲੇ ਖੇਤਰਾਂ ਲਈ Health Equity Fund ਬਣਾਇਆ ਜਾਵੇਗਾ।

Allocation formula ਵਿੱਚ Population + Disease Burden + Geography + Social/Economic Disadvantage + ਮੌਜੂਦਾ ਸਮਰੱਥਾ Gap + ਮਰੀਜ਼ਾਂ ਦੀ ਗਿਣਤੀ ਵਰਗੇ factors ਸ਼ਾਮਿਲ ਕੀਤੇ ਜਾਣਗੇ।

ਮਕਸਦ ਇਹ ਹੋਵੇ ਕਿ ਕਿਸੇ ਵੀ ਵਿਅਕਤੀ ਨੂੰ ਸਿਰਫ਼ ਦੂਰ-ਦਰਾਜ਼ ਜਾਂ ਘੱਟ ਸਹੂਲਤਾਂ ਵਾਲੇ ਇਲਾਕੇ ਵਿੱਚ ਰਹਿਣ ਕਾਰਨ ਘੱਟ ਸਿਹਤ ਸੇਵਾ ਨਾ ਮਿਲੇ।

## 26. Health Budget Priority Rule

Health Budget ਦੀ ਪਹਿਲ ਹੋਵੇ: Human Resources » Essential Medicines » Diagnostics » Emergency Care » Maintenance » Strengthening Existing Hospitals » Prevention » New Construction where justified.

ਨਵੀਂ building approve ਕਰਨ ਤੋਂ ਪਹਿਲਾਂ ਉਸਦਾ ਪੂਰੇ ਜੀਵਨ-ਚੱਕਰ ਦਾ ਖਰਚ ਦੇਖਿਆ ਜਾਵੇਗਾ—Doctors, Nurses, Medicines, Electricity, Maintenance, Equipment ਅਤੇ ਸਾਲਾਨਾ ਚਾਲੂ ਖਰਚ ਲਈ sustainable funding ਵੀ ਯਕੀਨੀ ਹੋਵੇਗੀ।

## 27. Audit First — Major Spending Later

2027–28 ਵਿੱਚ Statewide ਸਿਹਤ ਪ੍ਰਣਾਲੀ Baseline Audit ਕਰਵਾਇਆ ਜਾਵੇਗਾ।

Audit ਵਿੱਚ Doctors, Specialists, Nurses, Functional Beds, Medicines, Diagnostics, Equipment Downtime, Emergency Services, Ambulances, Buildings ਅਤੇ Referral Patterns ਦੀ ਅਸਲ ਸਥਿਤੀ ਦਰਜ ਹੋਵੇਗੀ। ਵੱਡੇ capital projects ਦਾ final prioritization ਇਸ assessment ਤੋਂ ਬਾਅਦ ਕੀਤਾ ਜਾਵੇਗਾ।

## 28. ਪੂੰਜੀ ਖਰਚ ਅਤੇ ਸਾਲਾਨਾ ਚਾਲੂ ਖਰਚ ਵੱਖਰੇ

ਪੂੰਜੀ ਖਰਚ: Building, Major Equipment, Initial Infrastructure.

ਸਾਲਾਨਾ ਚਾਲੂ ਖਰਚ: Salaries, Medicines, Consumables, Maintenance, Electricity, Water, Cleaning ਅਤੇ other operational expenses.

ਕੋਈ ਅਜਿਹਾ hospital ਨਾ ਬਣਾਇਆ ਜਾਵੇ ਜਿਸਦੀ building ਤਾਂ ਤਿਆਰ ਹੋਵੇ ਪਰ ਉਸਨੂੰ ਚਲਾਉਣ ਲਈ staff ਅਤੇ recurring budget ਨਾ ਹੋਵੇ।

## 29. Five-Year Implementation Roadmap: 2027–2032

2027–28 — Baseline & Emergency Correction: Statewide Audit, ਅਤਿ-ਜ਼ਰੂਰੀ ਖਾਲੀ ਅਸਾਮੀਆਂ, medicines, diagnostics, ਬੰਦ/ਖ਼ਰਾਬ Machines ਅਤੇ Emergency Services ਦੀਆਂ ਕਮੀਆਂ ਉੱਤੇ ਤੁਰੰਤ ਕਾਰਵਾਈ.

2028–29 — Primary Care Strengthening: Family ਸਿਹਤ ਪ੍ਰਣਾਲੀ, Screening, Chronic Care ਅਤੇ CommSupporty-level services ਦਾ ਵਿਸਥਾਰ।

2029–30 — District Hospital Strengthening: Specialists, ICU, Surgery, Blood Services, Diagnostics ਅਤੇ Emergency Capacity ਨੂੰ ਮਜ਼ਬੂਤ ਕਰਨਾ।

2030–31 — Regional Specialist Network: Cancer, Cardiac, Stroke, Kidney, Trauma ਅਤੇ Mental Health referral network ਨੂੰ ਮਜ਼ਬੂਤ ਕਰਨਾ।

2031–32 — Independent Evaluation: Policy ਦੇ ਨਤੀਜਿਆਂ, ਖਰਚ, ਮਰੀਜ਼ਾਂ ਦੇ ਅਨੁਭਵ ਅਤੇ ਬਾਕੀ ਰਹਿ ਗਈਆਂ ਕਮੀਆਂ ਦਾ ਸੁਤੰਤਰ ਮੁਲਾਂਕਣ ਕੀਤਾ ਜਾਵੇਗਾ।

## 30. Public Health Dashboard

ਇੱਕ Public Health Dashboard ਬਣਾਇਆ ਜਾਵੇਗਾ, ਜਿਸ ਉੱਤੇ aggregate level ਉੱਤੇ Hospital-wise ਜਾਂ District-wise Doctor Availability, Specialist Vacancies, Functional Beds, Essential Medicine Stock-outs, Diagnostic Availability, Major Machine Downtime, Emergency Services ਅਤੇ Grievance Disposal ਵਰਗੇ indicators ਹੋ ਸਕਣ।

Patient ਦੀ personal medical information ਜਨਤਕ ਨਹੀਂ ਕੀਤੀ ਜਾਵੇਗੀ।

## 31. ਸ਼ਿਕਾਇਤ ਨਿਵਾਰਣ ਅਤੇ ਜਵਾਬਦੇਹੀ / Grievance Redressal & Accountability

Hospital Help Desk, Phone, Online ਅਤੇ ਲਿਖਤੀ ਸ਼ਿਕਾਇਤ ਦੀ ਵਿਵਸਥਾ ਹੋਵੇ। ਹਰ ਸ਼ਿਕਾਇਤ ਨੂੰ ਇੱਕ ਵਿਲੱਖਣ Complaint Number ਦਿੱਤਾ ਜਾਵੇਗਾ।

ਮਰੀਜ਼ ਸੁਰੱਖਿਆ ਨਾਲ ਜੁੜੀ ਸ਼ਿਕਾਇਤ ਨੂੰ ਤਰਜੀਹ ਦੇ ਆਧਾਰ ਉੱਤੇ ਨਿਪਟਾਇਆ ਜਾਵੇ। ਵਾਰ-ਵਾਰ ਆਉਣ ਵਾਲੀਆਂ ਸ਼ਿਕਾਇਤਾਂ ਨੂੰ ਸੰਭਾਵਿਤ ਪ੍ਰਣਾਲੀਗਤ ਖਾਮੀ ਵਜੋਂ ਵੀ ਜਾਂਚਿਆ ਜਾਵੇਗਾ। ਸ਼ਿਕਾਇਤ ਕਰਨ ਵਾਲੇ ਮਰੀਜ਼ ਨਾਲ ਬਦਲੇ ਦੀ ਕਾਰਵਾਈ ਜਾਂ ਭੇਦਭਾਵ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਜ਼ਿਲ੍ਹੇ ਵਿੱਚ Ventilator, MRI, Oxygen, Emergency Medicines, Ambulance, Blood Services, Essential Diagnostics, ਲੋੜੀਂਦਾ Staff ਜਾਂ ਹੋਰ notified essential facility ਦੀ ਗੰਭੀਰ ਕਮੀ ਸਾਹਮਣੇ ਆਉਣ ’ਤੇ Deputy Commissioner ਦੀ administrative monitoring, coordination, reporting ਅਤੇ escalation ਦੀ ਜਵਾਬਦੇਹੀ ਸਖ਼ਤੀ ਨਾਲ ਤੈਅ ਹੋਵੇਗੀ।

Deputy Commissioner ਇਹ ਯਕੀਨੀ ਬਣਾਏਗਾ ਕਿ ਅਜਿਹੀ ਕਮੀ ਤੁਰੰਤ competent Health Authority ਕੋਲ ਲਿਖਤੀ ਰੂਪ ਵਿੱਚ ਦਰਜ ਹੋਵੇ, ਉਸ ਲਈ ਸਮਾਂ-ਬੱਧ Corrective Action Plan ਬਣੇ ਅਤੇ ਨਿਰਧਾਰਤ ਸਮੇਂ ਵਿੱਚ ਕਮੀ ਦੂਰ ਨਾ ਹੋਣ ’ਤੇ ਮਾਮਲਾ State Health Department ਅਤੇ ਹੋਰ competent authority ਕੋਲ escalate ਕੀਤਾ ਜਾਵੇਗਾ।

ਜਿਸ procurement, appointment ਜਾਂ technical medical function ਦਾ ਕਾਨੂੰਨੀ ਜਾਂ ਵਿੱਤੀ ਅਧਿਕਾਰ Deputy Commissioner ਕੋਲ ਨਹੀਂ ਹੈ, ਉਸ ਕੰਮ ਦੀ ਸਿੱਧੀ ਜ਼ਿੰਮੇਵਾਰੀ ਸੰਬੰਧਿਤ competent authority ਦੀ ਰਹੇਗੀ; ਪਰ monitoring, coordination, reporting ਜਾਂ escalation ਦੀ ਜਾਣਬੁੱਝ ਕੇ ਜਾਂ ਗੰਭੀਰ ਲਾਪਰਵਾਹੀ ਲਈ Deputy Commissioner ਦੀ ਜਵਾਬਦੇਹੀ ਵੱਖਰੇ ਤੌਰ 'ਤੇ ਤੈਅ ਕੀਤੀ ਜਾਵੇਗੀ।

## 32. Health Worker Safety & Welfare

ਮਰੀਜ਼ ਅਧਿਕਾਰਾਂ ਦੇ ਨਾਲ Health Workers ਦੀ ਸੁਰੱਖਿਆ ਵੀ ਲਾਜ਼ਮੀ ਹੈ। Hospitals ਵਿੱਚ workplace violence ਦੀ ਰੋਕਥਾਮ, ਲੋੜੀਂਦੀ security, ਸੁਰੱਖਿਅਤ working conditions ਅਤੇ ਵਾਜਬ duty arrangements ਦੀ ਪ੍ਰਣਾਲੀ ਹੋਵੇ।

Doctors ਅਤੇ Nurses ਉੱਤੇ ਲਗਾਤਾਰ ਹੱਦ ਤੋਂ ਵੱਧ ਕੰਮ ਦੇ ਬੋਝ ਨੂੰ ਵੀ ਮਰੀਜ਼ ਸੁਰੱਖਿਆ ਨਾਲ ਜੁੜਿਆ ਮਸਲਾ ਮੰਨਿਆ ਜਾਵੇਗਾ।

## 33. ਸੁਤੰਤਰ ਗੁਣਵੱਤਾ ਅਤੇ ਮਰੀਜ਼ ਸੁਰੱਖਿਆ ਜਾਂਚ / Independent Quality & Patient Safety Audit

Routine administrative inspection ਤੋਂ ਵੱਖਰੀ Independent Quality Audit ਪ੍ਰਣਾਲੀ ਹੋਵੇ।

Clinical Quality, Infection Control, ਮਰੀਜ਼ ਅਧਿਕਾਰ, Medication Safety, Surgical Safety, Emergency Care, Equipment Functionality ਅਤੇ ਮਰੀਜ਼ਾਂ ਦੇ ਇਲਾਜੀ ਨਤੀਜਿਆਂ ਦੀ ਜਾਂਚ ਹੋਵੇਗੀ। ਮਰੀਜ਼ ਸੁਰੱਖਿਆ ਨਾਲ ਜੁੜੀਆਂ ਗੰਭੀਰ ਘਟਨਾਵਾਂ ਅਤੇ ਵਾਰ-ਵਾਰ ਆਉਣ ਵਾਲੀਆਂ ਗੰਭੀਰ ਸ਼ਿਕਾਇਤਾਂ ਲਈ Root Cause Analysis ਕੀਤਾ ਜਾਵੇਗਾ।

ਹਰ adverse outcome ਨੂੰ negligence ਨਾ ਮੰਨਿਆ ਜਾਵੇ; negligence ਦਾ technical determination qualified professionals ਅਤੇ due process ਨਾਲ ਹੀ ਹੋਵੇਗਾ।

## 34. Annual Punjab Health Account

ਹਰ ਸਾਲ Punjab Health Performance & Expenditure Report ਜਨਤਕ ਕੀਤੀ ਜਾਵੇਗੀ। ਇਸ ਵਿੱਚ Medicine Stock-outs, Major Machine Downtime, Specialist Vacancies, ਬਾਹਰੀ Diagnostic Services ਦੀ ਵਰਤੋਂ, Emergency/Referral improvements ਅਤੇ ਮਰੀਜ਼ ਵੱਲੋਂ ਆਪਣੀ ਜੇਬ ਤੋਂ ਕੀਤਾ ਖਰਚ ਵਰਗੇ indicators ਦਰਸਾਏ ਜਾਣਗੇ।

ਮੁੱਖ ਸਵਾਲ: "ਕਿੰਨਾ ਪੈਸਾ ਖਰਚਿਆ?" ਦੇ ਨਾਲ "ਉਸ ਪੈਸੇ ਨਾਲ ਮਰੀਜ਼ ਨੂੰ ਕੀ ਲਾਭ ਮਿਲਿਆ?"

## 35. Ten Patient Guarantees

1. Doctor Availability Guarantee
2. Essential Medicines Guarantee
3. Essential Diagnostics Guarantee
4. Emergency Stabilization Guarantee
5. Responsible Referral Guarantee
6. Mother & Child Health Guarantee
7. Time-Critical Serious Disease Treatment Guarantee
8. ਮਰੀਜ਼ ਅਧਿਕਾਰ Guarantee
9. Grievance & ਜਵਾਬਦੇਹੀ Guarantee
10. Financial Protection from Catastrophic Treatment Cost

ਹਰ Guarantee ਲਈ Scope, Eligibility, Clinical Exceptions, Service Standard, Timeline ਅਤੇ Responsible Authority implementation rules ਵਿੱਚ ਸਪਸ਼ਟ ਹੋਣ।

## 36. Policy ਦੀ Success ਕਿਵੇਂ ਮਾਪੀ ਜਾਵੇਗੀ?

Policy ਦੀ ਕਾਮਯਾਬੀ buildings ਅਤੇ announcements ਨਾਲ ਨਹੀਂ ਮਾਪੀ ਜਾਵੇਗੀ। ਅਸਲ questions ਹੋਣਗੇ: ਕੀ ਮਰੀਜ਼ ਨੂੰ ਸਮੇਂ ਸਿਰ Doctor ਮਿਲਿਆ? ਕੀ Test ਸਮੇਂ ਸਿਰ ਹੋਇਆ? ਕੀ Medicine ਮਿਲੀ? ਕੀ ਲੋੜ ਵੇਲੇ Specialist ਅਤੇ Functional Bed ਮਿਲਿਆ? ਕੀ Emergency Treatment ਸਮੇਂ ਸਿਰ ਮਿਲਿਆ? ਕੀ Referral ਤੋਂ ਬਾਅਦ ਅਗਲੇ hospital ਨੇ ਮਰੀਜ਼ ਨੂੰ ਸੰਭਾਲਿਆ? ਕੀ treatment ਤੋਂ ਬਾਅਦ Follow-up ਹੋਇਆ? ਕੀ ਪਰਿਵਾਰ ਗੰਭੀਰ ਆਰਥਿਕ ਸੰਕਟ ਵਿੱਚ ਜਾਣ ਤੋਂ ਬਚਿਆ?

## 37. District Public Health Monitoring System

ਹਰ ਜ਼ਿਲ੍ਹੇ ਵਿੱਚ District Public Health Monitoring Team ਬਣਾਈ ਜਾਵੇਗੀ। ਇਸਦਾ ਕੰਮ ਨਿਯਮਤ ਜਾਂਚ, ਅਚਨਚੇਤ ਜਾਂਚ ਅਤੇ ਸ਼ਿਕਾਇਤ ਦੇ ਆਧਾਰ 'ਤੇ ਜਾਂਚ ਕਰਨਾ ਹੋਵੇਗਾ।

Team ਵਿੱਚ qualified Health Professionals ਅਤੇ authorized officials ਦੇ ਨਾਲ transparent process ਰਾਹੀਂ local public representatives ਨੂੰ ਵੀ ਸ਼ਾਮਲ ਕੀਤਾ ਜਾ ਸਕੇ। Women, Rural & Urban Residents, Farmers, Workers, Senior Citizens, Persons with Disabilities ਅਤੇ Patient-Rights/ Social-Service Representatives ਦੀ ਉਚਿਤ ਨੁਮਾਇੰਦਗੀ ਹੋਵੇਗੀ।

Conflict of Interest Rule: ਹਰ inspector/member ਲਈ Conflict of Interest Declaration ਲਾਜ਼ਮੀ ਹੋਵੇਗੀ। Direct financial interest ਵਾਲਾ

member ਉਸ inspection ਵਿੱਚ ਹਿੱਸਾ ਨਾ ਲਵੇ। CommSupporty representatives clinical negligence ਦਾ technical decision ਨਹੀਂ ਕਰਨਗੇ।

District Public Health Monitoring System ਵਿੱਚ Ventilator ਅਤੇ MRI ਦੀ ਲਾਜ਼ਮੀ ਗਿਣਤੀ, ਉਨ੍ਹਾਂ ਦੀ ਅਸਲ Working Status, trained operator/technical staff, Oxygen, Power Backup ਅਤੇ Maintenance ਦੀ ਜਾਂਚ ਇੱਕ mandatory inspection item ਹੋਵੇਗੀ। ਇਸ ਦੀ compliance report Deputy Commissioner ਨੂੰ ਦਿੱਤੀ ਜਾਵੇਗੀ ਅਤੇ unresolved deficiency ਦੀ ਸਮਾਂ-ਬੱਧ escalation ਕਰਨੀ ਲਾਜ਼ਮੀ ਹੋਵੇਗੀ।

## 38. ਅਚਨਚੇਤ ਜਾਂਚ Checklist

1. ਕਾਗਜ਼ਾਂ ਵਿੱਚ ਦਰਸਾਈ service ਅਸਲ ਵਿੱਚ ਉਪਲਬਧ ਹੈ ਜਾਂ ਨਹੀਂ।
2. Doctor, Specialist, Nurse ਅਤੇ Staff duty ਉੱਤੇ ਹਨ ਜਾਂ ਨਹੀਂ।
3. Essential Medicines free ਮਿਲ ਰਹੀਆਂ ਹਨ ਜਾਂ ਨਹੀਂ।
4. Hospital ਵਿੱਚ medicine ਹੋਣ ਦੇ ਬਾਵਜੂਦ patient ਨੂੰ ਬਾਹਰੋਂ ਤਾਂ ਨਹੀਂ ਲਿਖੀ ਜਾ ਰਹੀ।
5. Free Test ਲਈ ਅਣਅਧਿਕਾਰਤ ਵਸੂਲੀ ਤਾਂ ਨਹੀਂ।
6. Government Machine ਚਾਲੂ ਹੋਣ ਦੇ ਬਾਵਜੂਦ private diagnostic centre ਵੱਲ referral ਤਾਂ ਨਹੀਂ।
7. ਬੇਲੋੜੇ Tests, Medicines, Admission, Surgery ਜਾਂ Procedures ਤਾਂ ਨਹੀਂ।
8. Bribe ਜਾਂ ਅਣਅਧਿਕਾਰਤ ਵਸੂਲੀ ਤਾਂ ਨਹੀਂ।
9. Cashless/Public Scheme ਦੇ patient ਤੋਂ extra payment ਤਾਂ ਨਹੀਂ।
10. Itemized Bill ਦਿੱਤਾ ਗਿਆ ਜਾਂ ਨਹੀਂ।
11. Bill ਵਿੱਚ ਦਰਸਾਈ service ਅਸਲ ਵਿੱਚ ਦਿੱਤੀ ਗਈ ਜਾਂ ਨਹੀਂ।
12. Particular Pharmacy, Laboratory ਜਾਂ Private Hospital ਵੱਲ pressure ਤਾਂ ਨਹੀਂ।
13. Treatment, options ਅਤੇ expected cost ਦੀ ਜਾਣਕਾਰੀ ਦਿੱਤੀ ਗਈ ਜਾਂ ਨਹੀਂ।
14. Informed Consent, ਨਿੱਜਤਾ ਅਤੇ ਮਰਿਆਦਾ ਦੀ ਰੱਖਿਆ ਹੋਈ ਜਾਂ ਨਹੀਂ।
15. Emergency patient ਨੂੰ timely stabilization ਮਿਲੀ ਜਾਂ ਨਹੀਂ।
16. Oxygen, Life-Saving Medicines ਅਤੇ Emergency Equipment functional ਹਨ ਜਾਂ ਨਹੀਂ।
17. Beds ਅਸਲ ਵਿੱਚ functional ਹਨ ਜਾਂ ਸਿਰਫ਼ records ਵਿੱਚ।
18. CT/MRI/X-ray/Ultrasound ਦੀ ਅਸਲ ਚਾਲੂ ਹਾਲਤ ਕੀ ਹੈ।
19. Cleanliness, Infection Control ਅਤੇ Biomedical Waste Management ਠੀਕ ਹੈ ਜਾਂ ਨਹੀਂ।
20. Purchased Drugs ਅਤੇ Equipment physically ਉਪਲਬਧ ਹਨ ਜਾਂ ਨਹੀਂ।
21. Procurement, Contracts, Medicines, Tests ਜਾਂ Referrals ਵਿੱਚ corruption/Conflict of Interest ਦਾ ਸੰਕੇਤ ਹੈ ਜਾਂ ਨਹੀਂ।
22. Patient ਨਾਲ ਗ਼ਲਤ ਭੇਦਭਾਵ ਤਾਂ ਨਹੀਂ।
23. Complainant ਨਾਲ retaliation ਤਾਂ ਨਹੀਂ।
24. Previous Inspection ਦੀਆਂ deficiencies correct ਹੋਈਆਂ ਜਾਂ ਨਹੀਂ।
25. Expired Medicines ਜਾਂ Consumables ਤਾਂ ਨਹੀਂ ਵਰਤੇ ਜਾ ਰਹੇ।
26. Ambulance Records ਅਤੇ ਅਸਲ ਯਾਤਰਾਵਾਂ ਮਿਲਦੇ ਹਨ ਜਾਂ ਨਹੀਂ।
27. Staff Attendance Record ਅਤੇ ਅਸਲ ਹਾਜ਼ਰੀ ਮਿਲਦੇ ਹਨ ਜਾਂ ਨਹੀਂ।
28. Public Health Scheme ਵਿੱਚ ਫ਼ਰਜ਼ੀ Billing, ਫ਼ਰਜ਼ੀ ਮਰੀਜ਼ ਜਾਂ ਝੂਠਾ Claim ਦਾ ਸੰਕੇਤ ਤਾਂ ਨਹੀਂ।
29. Sub-Divisional Hospital ਵਿੱਚ ਘੱਟੋ-ਘੱਟ 2, District Hospital ਵਿੱਚ ਘੱਟੋ-ਘੱਟ 10 ਅਤੇ ਉਸ ਤੋਂ ਉੱਪਰਲੇ ਸਰਕਾਰੀ Hospital ਵਿੱਚ ਘੱਟੋ-ਘੱਟ 25 ਚਾਲੂ Ventilators ਮੌਜੂਦ ਹਨ ਜਾਂ ਨਹੀਂ।
30. Ventilators ਲਈ trained/competent Operator ਜਾਂ Critical Care Staff ਅਤੇ 24×7 ਲੋੜੀਂਦਾ support ਉਪਲਬਧ ਹੈ ਜਾਂ ਨਹੀਂ।
31. District Hospital ਅਤੇ ਉਸ ਤੋਂ ਉੱਪਰਲੇ Hospital ਵਿੱਚ MRI Machine ਮੌਜੂਦ ਅਤੇ ਚਾਲੂ ਹੈ ਜਾਂ ਨਹੀਂ।
32. Ventilator/MRI ਦੀ ਕਮੀ ਜਾਂ breakdown ਦੀ report, repair timeline ਅਤੇ Deputy Commissioner/competent Health Authority ਵੱਲੋਂ ਕੀਤੀ follow-up action ਦਰਜ ਹੈ ਜਾਂ ਨਹੀਂ।

## 39. Confidential Patient Interviews

Inspection ਸਿਰਫ਼ files ਅਤੇ registers ਦੇਖ ਕੇ ਪੂਰੀ ਨਹੀਂ ਮੰਨੀ ਜਾਵੇਗੀ। Randomly selected patients ਜਾਂ attendants ਨਾਲ confidential interview ਕੀਤਾ ਜਾ ਸਕੇ।

ਉਨ੍ਹਾਂ ਤੋਂ Medicine ਉਪਲਬਧਤਾ, Free Test payment, Doctor ਉਪਲਬਧਤਾ, Waiting Time, Extra Money, Itemized Bill ਅਤੇ Particular Pharmacy/Laboratory/Private Hospital ਵੱਲ pressure ਬਾਰੇ ਪੁੱਛਿਆ ਜਾਵੇਗਾ। Patient ਦੀ identity ਉਸਦੀ consent ਤੋਂ ਬਿਨਾਂ ਬੇਲੋੜੀ ਤਰ੍ਹਾਂ disclose ਨਹੀਂ ਕੀਤੀ ਜਾਵੇਗੀ।

## 40. Record Cross-Verification

- Drug Stock » Purchase Record » ਮਰੀਜ਼ ਨੂੰ ਦਿੱਤੀਆਂ ਦਵਾਈਆਂ ਦਾ ਰਿਕਾਰਡ
- Diagnostic Register » Machine Log » Patient Report
- Hospital Bill » Case Record » Actual Procedure
- Staff Attendance » Duty Roster » ਮਰੀਜ਼ ਸੇਵਾ ਰਿਕਾਰਡ
- Ambulance Trip » GPS/Call Record » Referral Record
- Insurance/Public Scheme Claim » Case Sheet » Discharge Summary
- Purchase Invoice » Stock Register » Physical Verification
- ਇਸ ਨਾਲ paper compliance ਅਤੇ ਅਸਲ ਸੇਵਾ ਵਿੱਚ ਅੰਤਰ ਸਾਹਮਣੇ ਲਿਆਉਣਾ ਸੌਖਾ ਹੋਵੇਗਾ।

## 41. ਗੁਪਤ ਸ਼ਿਕਾਇਤ ਅਤੇ Whistleblower Protection

"ਜਾਣਕਾਰੀ" ਦਾ ਅਰਥ ਹੈ ਕਿਸੇ ਵੀ ਰੂਪ ਵਿੱਚ ਕੋਈ ਵੀ ਸਮੱਗਰੀ, ਜਿਸ ਵਿੱਚ ਰਿਲੀਜ਼, ਸਰਕੂਲਰ, ਹੁਕਮ, ਲੌਗਬੁੱਕ, ਇਕਰਾਰਨਾਮੇ, ਰਿਪੋਰਟਾਂ, ਕਾਗਜ਼ਾਤ, ਨਮੂਨੇ, ਮਾਡਲ, ਡਾਟਾ ਸਮੱਗਰੀ, ਨਕਸ਼ੇ, ਤਸਵੀਰਾਂ, ਪੈੱਨ ਡਰਾਈਵ, ਲੈਪਟਾਪ, ਹਾਰਡ ਡਿਸਕ, ਸੀਸੀਟੀਵੀ (CCTV) ਫੁਟੇਜ ਸ਼ਾਮਲ ਹਨ, ਜੋ ਕਿਸੇ ਵੀ ਇਲੈਕਟ੍ਰਾਨਿਕ ਰੂਪ ਵਿੱਚ ਮੌਜੂਦ ਹਨ; ਅਤੇ ਕਿਸੇ ਨਿੱਜੀ ਸੰਸਥਾ ਨਾਲ ਸਬੰਧਤ ਉਹ ਜਾਣਕਾਰੀ ਜਿਸ ਤੱਕ ਕਿਸੇ ਜਨਤਕ ਅਥਾਰਟੀ ਦੁਆਰਾ ਉਸ ਸਮੇਂ ਲਾਗੂ ਕਿਸੇ ਹੋਰ ਕਾਨੂੰਨ ਦੇ ਤਹਿਤ ਪਹੁੰਚ ਕੀਤੀ ਜਾ ਸਕਦੀ ਹੈ।

'ਸੂਚਨਾ ਦਾ ਅਧਿਕਾਰ ਐਕਟ, 2005' ਦੀਆਂ ਵਿਵਸਥਾਵਾਂ ਅਨੁਸਾਰ, ਸਾਰੀਆਂ ਜਨਤਕ ਅਥਾਰਟੀਆਂ ਪਹਿਲਾਂ ਹੀ ਆਪਣੇ ਪੂਰੇ ਰਿਕਾਰਡ ਨੂੰ ਸੰਭਾਲ ਕੇ, ਸਿਰਫ਼ ਪੰਜਾਬ ਦੇ ਵਸਨੀਕਾਂ ਨੂੰ ਹੀ ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ ਹੈ। ਪੰਜਾਬ ਰਾਜ ਦੇ ਉਹ ਲੋਕ ਜੋ ਪਿਛਲੇ 30 ਸਾਲਾਂ ਤੋਂ ਰਾਜ ਦੇ ਵਸਨੀਕ ਹਨ ਅਤੇ ਜਿਨ੍ਹਾਂ ਕੋਲ ਆਪਣੇ ਨਿਵਾਸ ਦਾ ਪ੍ਰਮਾਣਿਕ ਸਬੂਤ ਹੈ (ਜਿਸ ਦੀ ਸਥਾਨਕ ਨਗਰ ਕੌਂਸਲ/ਕਮੇਟੀ, ਪੱਧਰ 'ਤੇ ਸਰਪੰਚ ਜਾਂ ਸਥਾਨਕ ਪੱਧਰ 'ਤੇ ਹੋਰ ਸਬੰਧਤ ਅਧਿਕਾਰੀਆਂ ਦੁਆਰਾ ਤਸਦੀਕ ਕੀਤੀ ਗਈ ਹੋਵੇ), ਉਹ ਰਾਜ ਵਿੱਚ ਕੰਮ ਕਰ ਰਹੇ ਪੰਜਾਬ ਸਰਕਾਰ ਦੇ ਸਾਰੇ ਸਰਕਾਰੀ ਵਿਭਾਗਾਂ ਦੇ ਰਿਕਾਰਡਾਂ (ਭਾਵੇਂ ਉਹ ਫਾਈਲ, ਲਿਖਤੀ ਜਾਂ ਡਿਜੀਟਲ ਰੂਪ ਵਿੱਚ ਹੋਣ) ਤੱਕ ਪਹੁੰਚ ਕਰਨ ਦੇ ਹੱਕਦਾਰ ਹਨ।

## ਇੱਕ ਬਿਨੈਕਾਰ ਜਨਤਕ ਅਧਿਕਾਰੀਆਂ ਤੋਂ ਜਾਣਕਾਰੀ ਕਿਵੇਂ ਪ੍ਰਾਪਤ ਕਰ ਸਕਦਾ ਹੈ?

ਪੰਜਾਬ ਰਾਜ ਦੇ ਅੰਦਰ ਕਿਸੇ ਵੀ ਸਰਕਾਰੀ ਵਿਭਾਗ/ਜਨਤਕ ਅਥਾਰਟੀ ਤੋਂ ਜਾਣਕਾਰੀ ਪ੍ਰਾਪਤ ਕਰਨ ਦੇ ਚਾਹਵਾਨ ਬਿਨੈਕਾਰ ਨੂੰ ਸਬੰਧਤ ਵਿਭਾਗ ਨੂੰ 50 ਰੁਪਏ ਦੇ ਡਿਮਾਂਡ ਡਰਾਫਟ ਦੇ ਨਾਲ ਇੱਕ ਲਿਖਤੀ ਅਰਜ਼ੀ ਦੇਣੀ ਪਵੇਗੀ। ਅਰਜ਼ੀ ਦੇ ਨਾਲ 30 ਸਾਲਾਂ ਤੋਂ ਵੱਧ ਸਮੇਂ ਦੇ ਨਿਵਾਸ ਦਾ ਸਬੂਤ ਹੋਣਾ ਲਾਜ਼ਮੀ ਹੈ। (ਹਰੇਕ ਮਾਮਲੇ ਵਿੱਚ ਫੀਸ, ਮੰਗੀ ਗਈ ਜਾਣਕਾਰੀ ਦੇ ਢੰਗ ਅਤੇ ਮਾਤਰਾ ਦੇ ਆਧਾਰ 'ਤੇ ਵੱਖ-ਵੱਖ ਹੋ ਸਕਦੀ ਹੈ।)

## ਸਰਕਾਰੀ ਵਿਭਾਗ ਵੱਲੋਂ ਇੱਕ ਹਫ਼ਤੇ ਦੇ ਅੰਦਰ ਜਾਣਕਾਰੀ ਮੁਹੱਈਆ ਕਰਵਾਉਣਾ:

- ਜਦੋਂ ਵੀ ਪੰਜਾਬ ਰਾਜ ਦਾ ਕੋਈ ਵਸਨੀਕ ਕਿਸੇ ਜਨਤਕ ਅਥਾਰਟੀ/ਸਰਕਾਰੀ ਵਿਭਾਗ ਤੋਂ ਜਾਣਕਾਰੀ ਲੈਣ ਲਈ ਅਰਜ਼ੀ ਦਿੰਦਾ ਹੈ, ਤਾਂ ਅਜਿਹੀ ਅਥਾਰਟੀ ਵੱਲੋਂ ਮੰਗੀ ਗਈ ਜਾਣਕਾਰੀ ਇੱਕ ਹਫ਼ਤੇ ਦੇ ਅੰਦਰ ਮੁਹੱਈਆ ਕਰਵਾਈ ਜਾਵੇਗੀ।

## ਜੇਕਰ ਮੰਗਿਆ ਗਿਆ ਰਿਕਾਰਡ/ਜਾਣਕਾਰੀ ਕਿਸੇ ਹੋਰ/ਸਹਾਇਕ ਵਿਭਾਗ ਨਾਲ ਸਬੰਧਤ ਹੈ:

- ਜੇਕਰ ਬਿਨੈਕਾਰ ਦੁਆਰਾ ਮੰਗੀ ਗਈ ਜਾਣਕਾਰੀ/ਰਿਕਾਰਡ ਕਿਸੇ ਹੋਰ/ਸਹਾਇਕ ਵਿਭਾਗ ਨਾਲ ਸਬੰਧਤ ਹੈ, ਤਾਂ ਅਜਿਹੀ ਜਾਣਕਾਰੀ/ਰਿਕਾਰਡ ਅਰਜ਼ੀ ਪ੍ਰਾਪਤ ਹੋਣ ਦੇ 15 ਦਿਨਾਂ ਦੇ ਅੰਦਰ ਮੁਹੱਈਆ ਕਰਵਾਇਆ ਜਾਵੇਗਾ।

## ਜੇਕਰ ਸਰਕਾਰੀ ਵਿਭਾਗ ਇੱਕ ਹਫ਼ਤੇ ਦੇ ਅੰਦਰ ਜਾਣਕਾਰੀ ਦੇਣ ਵਿੱਚ ਅਸਫਲ ਰਹਿੰਦਾ ਹੈ:

- ਜੇਕਰ ਕੋਈ ਸਰਕਾਰੀ ਵਿਭਾਗ ਅਰਜ਼ੀ ਪ੍ਰਾਪਤ ਹੋਣ 'ਤੇ ਇੱਕ ਹਫ਼ਤੇ ਦੇ ਅੰਦਰ ਲੋੜੀਂਦੀ ਜਾਣਕਾਰੀ ਦੇਣ ਵਿੱਚ ਅਸਫਲ ਰਹਿੰਦਾ ਹੈ, ਤਾਂ ਬਿਨੈਕਾਰ ਨੂੰ ਉਸ ਵਿਭਾਗ ਦੇ ਮੁਖੀ ਨਾਲ ਸੰਪਰਕ ਕਰਨ ਦਾ ਅਧਿਕਾਰ ਹੈ, ਜੋ 15 ਦਿਨਾਂ ਦੇ ਅੰਦਰ ਅਜਿਹੀ ਜਾਣਕਾਰੀ ਮੁਹੱਈਆ ਕਰਵਾਉਣ ਲਈ ਜ਼ਿੰਮੇਵਾਰ ਹੋਵੇਗਾ।

## ਇਸ ਐਕਟ ਅਧੀਨ ਮੰਗੀ ਗਈ ਜਾਣਕਾਰੀ ਜਾਣਕਾਰੀ ਦੇਣ ਤੋਂ ਇਨਕਾਰ:

- ਸਰਕਾਰੀ ਵਿਭਾਗ/ਜਨਤਕ ਅਥਾਰਟੀਆਂ RTI ਐਕਟ, 2005 ਦੀ ਧਾਰਾ 8 ਵਿੱਚ ਦਰਜ ਆਧਾਰਾਂ 'ਤੇ ਜਾਣਕਾਰੀ ਦੇਣ ਤੋਂ ਇਨਕਾਰ ਕਰ ਸਕਦੀਆਂ ਹਨ। ਰਾਜ ਅਤੇ ਦੇਸ਼ ਦੀ ਸੁਰੱਖਿਆ ਅਤੇ ਅਖੰਡਤਾ ਨਾਲ ਸਬੰਧਤ ਸਰਕਾਰੀ ਏਜੰਸੀਆਂ ਦੀ ਜਾਣਕਾਰੀ ਨੂੰ ਸਖਤੀ ਨਾਲ ਛੋਟ ਦਿੱਤੀ ਜਾਵੇਗੀ। ਨਿੱਜੀ ਜੀਵਨ ਨਾਲ ਸਬੰਧਤ ਜਾਣਕਾਰੀ ਨੂੰ ਵੀ ਛੋਟ ਦਿੱਤੀ ਜਾਵੇਗੀ। ਰੱਖਿਆ ਬਲਾਂ, ਫੌਜ, ਅਰਧ-ਸੈਨਿਕ ਬਲਾਂ, ਹਵਾਈ ਸੈਨਾ ਆਦਿ ਨਾਲ ਸਬੰਧਤ ਜਾਣਕਾਰੀ ਇਸ ਐਕਟ ਦੇ ਦਾਇਰੇ ਤੋਂ ਬਾਹਰ ਹੋਵੇਗੀ।
- ਹਾਲਾਂਕਿ, ਕਿਸੇ ਬਿਨੈਕਾਰ/ਅਪੀਲਕਰਤਾ ਨੂੰ ਜਾਣਕਾਰੀ ਦੇਣ ਤੋਂ ਇਨਕਾਰ ਕਰਨ ਦਾ ਆਧਾਰ ਢੁਕਵਾਂ ਅਤੇ ਤਰਕਪੂਰਨ ਹੋਣਾ ਚਾਹੀਦਾ ਹੈ, ਅਤੇ ਇਸ ਵਿੱਚ ਸ਼ਾਮਲ ਵਿਆਪਕ ਜਨਤਕ ਹਿੱਤ ਨੂੰ ਜਾਇਜ਼ ਠਹਿਰਾਇਆ ਜਾਣਾ ਚਾਹੀਦਾ ਹੈ।

## ਅਪੀਲ ਪ੍ਰਕਿਰਿਆ:

15 ਦਿਨਾਂ ਦੇ ਅੰਦਰ ਰਿਕਾਰਡ/ਜਾਣਕਾਰੀ ਮੁਹੱਈਆ ਨਾ ਕਰਵਾਉਣ ਦੀ ਸੂਰਤ ਵਿੱਚ: ਜੇਕਰ ਪੰਜਾਬ ਰਾਜ ਦਾ ਕੋਈ ਸਰਕਾਰੀ ਵਿਭਾਗ ਮੰਗੀ ਗਈ ਜਾਣਕਾਰੀ 15 ਦਿਨਾਂ ਦੇ ਅੰਦਰ ਮੁਹੱਈਆ ਕਰਵਾਉਣ ਵਿੱਚ ਅਸਫਲ ਰਹਿੰਦਾ ਹੈ, ਤਾਂ ਬਿਨੈਕਾਰ ਇਸ ਐਕਟ ਦੇ ਤਹਿਤ ਅਪੀਲੀ ਅਥਾਰਟੀ (Appellate Authority) ਕੋਲ ਅਪੀਲ ਦਾਇਰ ਕਰ ਸਕਦਾ ਹੈ।

## ਜਦੋਂ ਅਧੂਰੀ/ਨਾ-ਮੁਕੰਮਲ ਜਾਂ ਗੈਰ-ਢੁਕਵੀਂ ਜਾਣਕਾਰੀ ਦਿੱਤੀ ਜਾਂਦੀ ਹੈ:

- ਜੇਕਰ ਕਿਸੇ ਬਿਨੈਕਾਰ ਨੂੰ ਅਧੂਰੀ, ਪੱਖਪਾਤੀ ਜਾਂ ਗੈਰ-ਢੁਕਵੀਂ ਜਾਣਕਾਰੀ ਦਿੱਤੀ ਜਾਂਦੀ ਹੈ ਜਾਂ ਜੇਕਰ ਉਹ ਦਿੱਤੀ ਗਈ ਜਾਣਕਾਰੀ ਤੋਂ ਸੰਤੁਸ਼ਟ ਨਹੀਂ ਹੈ, ਤਾਂ ਉਸਨੂੰ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕਰਨ ਦਾ ਅਧਿਕਾਰ ਹੈ।

## ਤੀਜੀ ਧਿਰ ਵੱਲੋਂ ਦੇਰੀ ਅਤੇ ਬਹੁਤ ਜ਼ਿਆਦਾ ਫੀਸ:

- ਜੇਕਰ ਮੰਗੀ ਗਈ ਜਾਣਕਾਰੀ ਵਿੱਚ ਕੋਈ ਤੀਜੀ ਧਿਰ ਸ਼ਾਮਲ ਹੈ, ਤਾਂ ਉਨ੍ਹਾਂ ਨੂੰ ਆਪਣਾ ਇਤਰਾਜ਼ ਦਾਇਰ ਕਰਨ ਲਈ ਤਿੰਨ ਦਿਨਾਂ ਦਾ ਸਮਾਂ ਦਿੱਤਾ ਜਾਵੇਗਾ। ਕੋਈ ਵੀ ਵਾਧੂ ਜਾਂ ਬਹੁਤ ਜ਼ਿਆਦਾ ਫੀਸ ਨਹੀਂ ਲਈ ਜਾਵੇਗੀ।

## ਜੁਰਮਾਨੇ:

- ਅਪੀਲੀ ਅਥਾਰਟੀਆਂ ਅਪੀਲਾਂ ਦੀ ਪੜਤਾਲ ਅਤੇ ਮੁਲਾਂਕਣ ਕਰਨ ਉਪਰੰਤ, ਮੰਗੀ ਗਈ ਜਾਣਕਾਰੀ ਮੁਹੱਈਆ ਨਾ ਕਰਵਾਉਣ ਵਾਲੇ ਸਬੰਧਤ ਸਰਕਾਰੀ ਵਿਭਾਗਾਂ 'ਤੇ 25,000 ਰੁਪਏ ਤੱਕ ਦਾ ਜੁਰਮਾਨਾ ਲਗਾ ਸਕਦੀਆਂ ਹਨ।
- ਅਪੀਲੀ ਅਥਾਰਟੀ ਉਨ੍ਹਾਂ ਅਧਿਕਾਰੀਆਂ ਦੀਆਂ ਏ.ਸੀ.ਆਰ. (ACR) ਵਿੱਚ 'ਲਾਲ ਇੰਦਰਾਜ' (red entries) ਕਰਨ ਦੀ ਸਿਫ਼ਾਰਸ਼ ਵੀ ਕਰ ਸਕਦੀ ਹੈ ਜਿਨ੍ਹਾਂ ਨੇ ਜਾਣਬੁੱਝ ਕੇ ਅਤੇ ਇਰਾਦਾਤਨ ਦੇਰੀ ਕਰਕੇ, ਜਾਂ ਅਧੂਰੀ, ਗੁੰਮਰਾਹਕੁੰਨ, ਅੰਸ਼ਕ ਜਾਂ ਗੈਰ-ਢੁਕਵੀਂ ਜਾਣਕਾਰੀ ਦੇ ਕੇ ਬਿਨੈਕਾਰਾਂ ਨੂੰ ਪ੍ਰੇਸ਼ਾਨ ਕਰਨ ਦੀ ਕੋਸ਼ਿਸ਼ ਕੀਤੀ।

## ਅਪੀਲੀ ਅਥਾਰਟੀ:

- ਅਪੀਲੀ ਅਥਾਰਟੀ ਨੂੰ 'ਪੰਜਾਬ ਰਾਜ ਸੂਚਨਾ ਪਾਰਦਰਸ਼ਤਾ ਅਥਾਰਟੀ' (Punjab State Transparency of Information Authority) ਵਜੋਂ ਜਾਣਿਆ ਜਾਵੇਗਾ।
- ਇਸ ਵਿੱਚ ਇੱਕ ਚੇਅਰਮੈਨ ਸ਼ਾਮਲ ਹੋਵੇਗਾ, ਜੋ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਸੇਵਾਮੁਕਤ ਜੱਜ ਹੋਵੇਗਾ ਅਤੇ ਜਿਸਦੀ ਨਿਯੁਕਤੀ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਦੁਆਰਾ ਤਿੰਨ ਸਾਲਾਂ ਦੇ ਕਾਰਜਕਾਲ ਲਈ ਕੀਤੀ ਜਾਵੇਗੀ।

## ਅਪੀਲੀ ਅਥਾਰਟੀ ਵਿੱਚ ਦੋ ਮੈਂਬਰ ਸ਼ਾਮਲ ਹੋਣਗੇ, ਜਿਨ੍ਹਾਂ ਦੀ ਨਿਯੁਕਤੀ ਚੀਫ਼ ਜਸਟਿਸ/ਕਾਰਜਕਾਰੀ ਚੀਫ਼ ਜਸਟਿਸ ਦੁਆਰਾ ਕੀਤੀ ਜਾਵੇਗੀ;

- ਇਨ੍ਹਾਂ ਵਿੱਚੋਂ ਇੱਕ ਮੈਂਬਰ ਪੰਜਾਬ ਰਾਜ ਨਾਲ ਸਬੰਧਤ ਸੇਵਾਮੁਕਤ ਫੌਜੀ ਅਧਿਕਾਰੀ ਹੋਵੇਗਾ ਅਤੇ ਦੂਜਾ ਪੰਜਾਬ ਰਾਜ ਨਾਲ ਸਬੰਧਤ ਸੇਵਾਮੁਕਤ ਸਿਵਲ ਅਧਿਕਾਰੀ ਹੋਵੇਗਾ। ਦੋਵਾਂ ਮੈਂਬਰਾਂ ਦਾ ਕਾਰਜਕਾਲ ਤਿੰਨ ਸਾਲਾਂ ਦਾ ਹੋਵੇਗਾ।
- ਮੈਂਬਰਾਂ ਅਤੇ ਦਫ਼ਤਰੀ ਸਟਾਫ ਦੀ ਨਿਯੁਕਤੀ ਅਖਬਾਰ ਵਿੱਚ ਇਸ਼ਤਿਹਾਰ ਪ੍ਰਕਾਸ਼ਿਤ ਕਰਕੇ ਅਤੇ ਪੰਜਾਬ ਸਰਕਾਰ ਦੇ ਨਿਯਮਾਂ ਅਤੇ ਕਾਇਦੇ-ਕਾਨੂੰਨਾਂ ਅਨੁਸਾਰ ਕੀਤੀ ਜਾਵੇਗੀ।
- ਅਜਿਹੇ ਮੈਂਬਰਾਂ, ਚੇਅਰਮੈਨ ਅਤੇ ਸਟਾਫ ਦੀਆਂ ਤਨਖਾਹਾਂ ਦਾ ਭੁਗਤਾਨ ਗ੍ਰਹਿ ਵਿਭਾਗ (Home Department) ਦੁਆਰਾ ਕੀਤਾ ਜਾਵੇਗਾ।

## ਰਿਕਾਰਡਾਂ ਦੀ ਸਾਂਭ-ਸੰਭਾਲ:

- ਅਪੀਲੀ ਅਥਾਰਟੀ ਸਰਕਾਰੀ ਵਿਭਾਗਾਂ ਦੇ ਕੰਮਕਾਜ 'ਤੇ ਨਿਗਰਾਨ ਵਜੋਂ ਕੰਮ ਕਰੇਗੀ।
- ਅਪੀਲੀ ਅਥਾਰਟੀ ਸਰਕਾਰੀ ਵਿਭਾਗਾਂ ਅਤੇ ਉਨ੍ਹਾਂ ਦੇ ਸਹਾਇਕ ਵਿਭਾਗਾਂ ਨੂੰ ਹਦਾਇਤ ਅਤੇ ਅਗਵਾਈ ਵੀ ਦੇਵੇਗੀ ਕਿ ਉਹ ਆਪਣੇ ਰਿਕਾਰਡਾਂ ਨੂੰ ਹਰ ਰੂਪ ਵਿੱਚ ਸੁਰੱਖਿਅਤ ਰੱਖਣ, ਉਨ੍ਹਾਂ ਦੀ ਸਾਂਭ-ਸੰਭਾਲ ਕਰਨ ਅਤੇ ਉਨ੍ਹਾਂ ਨੂੰ ਅੱਪਡੇਟ ਕਰਨ।
- ਅਪੀਲੀ ਅਥਾਰਟੀ ਸਾਰੀਆਂ ਅਪੀਲਾਂ ਦਾ ਰਿਕਾਰਡ ਆਨਲਾਈਨ ਅਤੇ ਆਫਲਾਈਨ ਦੋਵਾਂ ਤਰੀਕਿਆਂ ਨਾਲ ਰੱਖੇਗੀ ਅਤੇ ਇਸਨੂੰ ਆਪਣੀ ਵੈੱਬਸਾਈਟ 'ਤੇ ਪਾ ਕੇ ਜਨਤਕ ਕਰੇਗੀ।
- ਅਪੀਲੀ ਅਥਾਰਟੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਨੂੰ ਸਾਲਾਨਾ ਰਿਪੋਰਟ ਸੌਂਪੇਗੀ ਅਤੇ ਆਨਲਾਈਨ ਪੱਧਰ 'ਤੇ ਜਾਣਕਾਰੀ ਦੇ ਸਰਗਰਮ ਖੁਲਾਸੇ (proactive disclosure) ਨੂੰ ਯਕੀਨੀ ਬਣਾਉਣ ਲਈ, ਮਾਮਲਿਆਂ ਦੇ ਨਿਪਟਾਰੇ ਅਤੇ ਖਾਰਜ ਹੋਣ ਸਮੇਤ ਆਪਣੇ ਕੰਮਕਾਜ ਬਾਰੇ ਸਾਲਾਨਾ ਰਿਪੋਰਟ ਆਪਣੀ ਵੈੱਬਸਾਈਟ/ਓਪਨ ਡਾਟਾ ਪੋਰਟਲਾਂ 'ਤੇ ਪ੍ਰਕਾਸ਼ਿਤ ਕਰੇਗੀ।
- ਅਪੀਲੀ ਅਥਾਰਟੀ ਸਮਾਜਿਕ ਕਾਰਕੁਨਾਂ ਅਤੇ ਸਹਾਇਤਾ ਸੈੱਲਾਂ (Support Cells) ਦੀ ਸੁਰੱਖਿਆ ਨੂੰ ਯਕੀਨੀ ਬਣਾਏਗੀ ਜੋ ਰਾਜ ਅਤੇ ਹੋਰ ਪੱਧਰਾਂ 'ਤੇ ਸਰਕਾਰੀ ਵਿਭਾਗਾਂ ਅਤੇ ਜਨਤਕ ਅਥਾਰਟੀਆਂ ਦੀ ਜਾਣਕਾਰੀ ਵਿੱਚ ਪਾਰਦਰਸ਼ਤਾ ਲਿਆਉਣ ਲਈ ਕੰਮ ਕਰਦੇ ਹਨ।
- ਅਪੀਲੀ ਅਥਾਰਟੀ ਅਫਸਰਸ਼ਾਹੀ ਅਤੇ ਸਿਆਸੀ ਦਖਲਅੰਦਾਜ਼ੀ ਨੂੰ ਰੋਕਣ ਲਈ 'ਜਾਣਕਾਰੀ ਦੀ ਪਾਰਦਰਸ਼ਤਾ ਪਾਲਣਾ ਰੇਟਿੰਗ ਪ੍ਰਣਾਲੀ' (Transparency of information compliance rating system) ਵੀ ਸ਼ੁਰੂ ਕਰੇਗੀ।

# Punjab Transparency of Information Act (PTIA)

This Act/Policy may be called the Punjab Transparency of Information Act. It has been envisaged with a vision to strengthen the transparency and accountability of public authorities within the State of Punjab. All the government Departments functioning in the state of Punjab are working under the aegis of Government of Punjab and are strictly answerable and accountable to the people of the state of Punjab. However, with the advent of time, people of State of Punjab are struggling with issue of denial of information and a prolonged delay in receiving the requisite information. This act shall cater to people of Punjab who are its residents since last 30 years. Akin to the phrase, Justice delayed is justice denied, if the information sought for is delayed, is information denied. This Act/Policy shall not contravene with the provisions of the Right to Information Act, 2005.

Applicability: At all levels of State Governments, including government funded NGOs and institutions.

Definition clause:'Public Authorities' include bodies of self-government established under the Constitution, or under any law or government notification. For example, Ministries, public sector undertakings, and regulators. It also includes any entities owned, controlled or substantially financed and non-government organizations substantially financed directly or indirectly by funds provided by the government of State of Punjab.

"information" means any material in any form, including releases, circulars, orders, logbooks, contracts, reports, papers, samples, models, data material, maps, photographs,pen drive, laptops, harddisc, CCTV Footages, held in any electronic form and information relating to any private body which can be accessed by a public authority under any other law for the time being in force;

As per the provisions of the Right to Information Act , 2005, all the Public Authorities have already maintained their complete records, which is duly applicable to all the public and ancillary authorities falling under the State of Punjab.

## Who can Apply?

Only residents of Punjab have right to access information: The people of State of Punjab, who have been residents of the state from last 30 years, with authentic proof of their residence, duly verified by the Local MC, Sarpanch at Village Level or other corresponding authorities at local level, are entitled to and shall have access to the records in all forms whether on file, written or digital, of All the Government Departments of State of Punjab, duly functional in the State.

## How can an applicant seek information be from the Public Authorities?

The Applicant seeking any information from any Government Department/ Public authority within state of Punjab has to apply by through a written application to the concerned department along with a demand draft of Rs.50/-. application must carry a proof of residence of over 30 years.(Fee in each case varies depending on the mode and volume of information sought for)

Government department to supply information within a week.:whenever an application is moved by any resident of state of Punjab seeking information from any Public authority/ Government Department, then such an authority shall supply the information sought within one week.

If record/information sought pertains to any other /anciliary department,:if any information/record sought for by the Applicant pertains to any other /anciliary department, then such information/record shall be supplied within 15 days of the receipt of the application.

In case of failure to supply information by a Government department within a week: if a government department fails to supply requisite information within a week on receiving of application, then such applicant has right to approach the head of such department, who shall be responsible to supply such information within 15 days.

## Denial of Information applied under this Act:

the government departments/Public authorities can deny information on the grounds enshrined under Section 8 of the RTI Act, 2005. The information of Government agencies pertaining to security and integrity of the State and Nation shall be strictly exempted. Information pertaining to personal life shall also be exempted. The information regarding defence forces, military,

para military, Airforce etc shall fall outside the purview of this Act.

However, the denial of information to any applicant/ appellant should be well should be well reasoned and shall justify the larger public interest involved in it.

## APPEAL MECHANISM:

In case of failure to supply record/information within 15 days:In case a government department within State of Punjab fails to supply any information sought for within 15 days,then the Applicant may file an appeal before the Appellate Authority as provided for under this Act.

When partial/incomplete or irrelevant information is given: In case partial, biased, or irrelevant information is supplied to any applicant or if he/she is not satisfied with the information supplied, he/she has right to file Appeal before the Appellate Authority.

Third party delay and excessive fee: if any third party is involved in any information sought for, they shall; be given three days time to file their objection. No excessive fee shall be charged.

## Penalities:

The Appellate Authorities after scrutinising and assessing the appeals can impose fine to the extent of Rs, 250000 on the erring Government departments for not providing the information sought for.

The Appellate can also recommend red entries in the ACRs of the erring Officials who deliberately tried to harass the Applicants by intentionally and willfully delaying or providing fragmented, incomplete, misleading, partial or irrelevant information.

## APPELLATE AUTHORITY:

The Appellate authority shall be known as Punjab State Transparency of Information Authority.

It shall consist of a Chairman, who shall be a retired Judge of Hon'ble Punjab and Haryana High Court, who shall be appointed by hon'ble Chief Justice of the Punjab and Haryana High Court for a tenure of three years.

And Appellate Authority shall consist of two Member, who shall be appointed by the Chief Justice/ Acting Chief Justice out of which a member shall be a retired Army Officer belonging to State of Punjab and another Shall be a retired Civil Officer belonging to state of Punjab. The tenure of both the members shall be for three years.

The appointment of the members and office staff shall be made by publication of advertisement in the newspaper and as per the rules and regulations of the Government of Punjab.

The salaries of such members, chairman and staff shall be paid by home department.

## Maintaining records:

The Appellate Authority shall act as a watchdog on the working of government departments

The Appellate Authority shall also instruct and guide the Government departments and their ancillary departments to preserve, maintain and update their records in all forms.

The Appellate Authority shall also maintain the record of all the appeals online as well as off line and make it public by putting up on their website.

The Appellate Aurhority shall submit an Annual report to the Chief Justice of Punjab and Haryana High Court, publish yearly report on their website / open data portals of its working including, disposal, dismissal of matters to ensure proactive disclosure online.

The Appellate authority shall ensure safety of social Activists and Support Cells who work in ensuring transparency of the information of the Government departments and public authorities at State and other levels.

The Appellate authority shall also introduce an online transparency of information Compliance Rating System to curb bureaucratic and political interference.

## ਵਿਧਾਨ ਸਭਾ

ੳ ਪੰਜਾਬ ਵਿਧਾਨ ਸਭਾ ਦੇ ਸੈਸ਼ਨਾਂ ਦਾ ਸਮਾਂ ਇੱਕ ਸਾਲ ਅੰਦਰ ਘੱਟੋ-ਘੱਟ 90 ਦਿਨ ਕੀਤਾ ਜਾਵੇਗਾ। ਸੈਸ਼ਨ ਵਿੱਚ ਵਿਧਾਇਕਾਂ ਦੀ 75 ਫੀਸਦ ਹਾਜ਼ਰੀ ਨੂੰ ਲਾਜ਼ਮੀ ਕੀਤਾ ਜਾਵੇਗਾ। ਹਰ ਸੈਸ਼ਨ ਦੇ ਖ਼ਤਮ ਹੋਣ ਤੋਂ ਬਾਅਦ ਵਿਧਾਇਕ ਆਪੋ-ਆਪਣੇ ਹਲਕਿਆਂ ਵਿੱਚ ਜਾ ਕੇ ਆਪਣੀ ਕਾਰਗੁਜ਼ਾਰੀ ਦੀ ਰਿਪੋਰਟ ਕਰਨਗੇ। ਹਰ ਵਿਧਾਇਕ ਆਪਣੇ ਕੰਮਾਂ ਦੀ ਜਾਣਕਾਰੀ ਆਪੋ ਆਪਣੇ ਫੇਸਬੁੱਕ ਜਾਂ ਹੋਰ ਸੋਸ਼ਲ ਮੀਡੀਆ ਪਲੇਟਫਾਰਮਾਂ ਉੱਤੇ ਜਨਤਕ ਕਰਨਗੇ। ਇਸ ਸੰਬੰਧੀ ਨਿਯਮ ਬਣਾਏ ਜਾਣਗੇ।

ਅ ਹਰ ਵਿਧਾਇਕ ਨੂੰ ਵਿਧਾਨ ਸਭਾ ਵਿਚ ਆਪਣੇ ਹਲਕੇ ਬਾਰੇ ਗੱਲ ਕਰਨ ਲਈ ਘਟੋ-ਘੱਟ ਇਕ ਘੰਟੇ ਦਾ ਸਮਾਂ ਦਿਤਾ ਜਾਵੇਗਾ ਤਾਂ ਜੋ ਉਹ ਆਪਣੇ ਹਲਕੇ ਵਿਚ ਲੋੜੀਂਦੇ ਵਿਕਾਸ ਦੇ ਕੰਮਾਂ ਬਾਰੇ ਦਸ ਸਕੇ ਤੇ ਹਲਕੇ ਦੀਆਂ ਸਮੱਸਿਆਂ ਸਾਂਝੀਆਂ ਕਰ ਸਕੇ।

- ਵਿਧਾਨ ਸਭਾ ਦੀਆਂ ਕਮੇਟੀਆਂ ਦੀ ਭੂਮਿਕਾ ਨੂੰ ਹੋਰ ਸਾਰਥਿਕ ਤੇ ਮਜਬੂਤ ਕੀਤਾ ਜਾਵੇਗਾ। ਇਸ ਵਿਚ ਵਿਰੋਧੀ ਧਿਰ ਦੇ ਸ਼ਮੂਲੀਅਤ ਨੂੰ ਬਿਨਾ ਕਿਸੇ ਰਾਜਨੀਤਕ ਲੱਗ-ਲਗਾਓ ਦੇ ਕੀਤੀ ਜਾਵੇਗੀ।
- ਸਾਰੀਆਂ ਸਿਆਸੀ ਪਾਰਟੀਆਂ ਲਈ ਇਹ ਲਾਜ਼ਮੀ ਹੋਣਾ ਚਾਹੀਦਾ ਹੈ ਕਿ ਉਹ ਲੋਕਸਭਾ ਅਤੇ ਵਿਧਾਨ ਸਭਾ ਦੇ ਉਮੀਦਵਾਰਾਂ ਲਈ ਘੱਟੋ-ਘੱਟ 33 ਫੀਸਦ ਟਿਕਟਾਂ ਔਰਤਾਂ ਨੂੰ ਦੇਣ ਵਾਲੀ ਦਿਸ਼ਾ ਵੱਲ ਵਧਣ। ਇਸ ਸਬੰਧੀ ਯੋਗ ਕਾਰਵਾਈ ਕੀਤੀ ਜਾਵੇਗੀ।

## ਕਲਾ ਅਤੇ ਸਾਹਿਤ

ੳ ਸੰਗੀਤ ਅਤੇ ਸਿਨੇਮਾ ਦਾ ਇੱਕ ਹਿੱਸਾ ਆਪਣੇ ਹਲਕੇ ਵਰਤਾਰੇ ਕਰਕੇ ਸਾਡੇ ਸਮਾਜ ਨੂੰ ਨਾਂਹਪੱਖੀ ਤੌਰ ਉੱਤੇ ਪ੍ਰਭਾਵਿਤ ਕਰ ਰਿਹਾ ਹੈ। ਇਸ ਲਈ ਨਾਂਹਪੱਖੀ ਵਰਤਾਰੇ ਤੇ ਰੋਕ ਦੀ ਬਜਾਏ ਹਾਂ ਪੱਖੀ ਸੰਗੀਤ ਅਤੇ ਸਿਨੇਮਾ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਸੂਬੇ ਨੂੰ ਕਲਾ, ਸਾਹਿਤਕਾਰ ਅਤੇ ਸਹਿਤ ਨਾਲ ਸਬੰਧਿਤ ਸਾਰੀਆਂ ਗਤੀਵਿਧੀਆਂ ਲਈ ਰਾਜਕੀ ਪੁਰਸਕਾਰਾਂ ਦੀ ਤਰਜ਼ ਉੱਤੇ ਸਾਲਾਨਾ ਕੈਸ਼ ਪੁਰਸਕਾਰ ਦੇਣਾ ਜਾਣਗੇ।

ਅ ਪਿੰਡ ਅਤੇ ਸ਼ਹਿਰਾਂ ਵਿਚ ਲਾਈਬ੍ਰੇਰੀਆਂ ਖੋਲ੍ਹੀਆਂ ਜਾਣਗੀਆਂ। ਇਨ੍ਹਾਂ ਵਿੱਚ ਪੁਰਾਣੇ ਅਤੇ ਨਵੇਂ ਲੇਖਕਾਂ, ਕਵੀਆਂ ਦੀਆਂ ਕਿਤਾਬਾਂ ਰੱਖੀਆਂ ਜਾਣ। ਪੰਜਾਬੀ ਦੀਆਂ ਕਿਤਾਬਾਂ ਤੋਂ ਇਲਾਵਾ ਇਨ੍ਹਾਂ ਵਿੱਚ ਦੁਨੀਆਂ ਦੇ ਸਾਹਿਤ ਦੀਆਂ ਪੰਜਾਬੀ ਵਿੱਚ ਅਨੁਵਾਦ ਹੋਈਆਂ ਕਿਤਾਬਾਂ ਵੀ ਰੱਖੀਆਂ ਜਾਣਗੀਆਂ। ਪੰਜਾਬ ਵਿੱਚ ਡਿਵੀਜਨਲ ਅਤੇ ਜ਼ਿਲ੍ਹਾ ਪੱਧਰ ਉੱਤੇ ਆਰਟ ਗੈਲਰੀ ਅਤੇ ਆਰਟ ਥਿਏਟਰ ਸਥਾਪਿਤ ਕੀਤੇ ਜਾਣਗੇ। ਇਸ ਨਾਲ ਆਮਦਨ ਵੀ ਪੈਦਾ ਹੋਵੇਗੀ ਅਤੇ ਸਿਰਜਣਾਤਮਕ ਕਲਾ ਦਾ ਇੱਕ ਬਿਹਤਰ ਮਾਹੌਲ ਬਣ ਸਕੇਗਾ।

## ਪੰਜਾਬ ਹਿੱਤਾਂ ਦੇ ਟਕਰਾਅ ਦੀ ਰੋਕਥਾਮ ਲਈ ਨੀਤੀ

ਪਿਛਲੇ ਸਮੇਂ ਦੌਰਾਨ ਦੇਖਣ ਵਿਚ ਆਇਆ ਕੇ ਕਈ ਸੱਤਧਾਰੀ ਲੋਕਾਂ ਤੇ ਅਫਸਰਾਂ ਨੇ ਸਮੇਂ ਸਮੇਂ ਸਿਰ ਆਪਣੇ ਨਿਜੀ ਕਾਰੋਬਾਰ ਨੂੰ ਬੜਾਵਾ ਦੇਣ ਅਤੇ ਮੋਟੀ ਕਮਾਈ ਕਰਨ ਲਈ ਆਪਣੇ ਅਹੁਦਿਆਂ ਦਾ ਫਾਇਦਾ ਉਠਾਂਦੇ ਹੋਏ ਅਜਿਹੇ ਫੈਸਲੇ ਕੀਤੇ ਜਿਨ੍ਹਾਂ ਕਰਕੇ ਉਹਨਾਂ ਨੂੰ ਨਿਜੀ ਤੌਰ 'ਤੇ ਵੱਡਾ ਲਾਭ ਅਤੇ ਕਮਾਈ ਹੋਈ। ਜਿਸ ਕਾਰਨ ਸਰਕਾਰੀ ਖ਼ਾਜ਼ਨੇ ਨੂੰ ਨੁਕਸਾਨ ਹੋਇਆ। ਸਾਡੀ ਪਾਰਟੀ ਪੰਜਾਬ ਸਾਂਝੀਵਾਲਤਾ ਦਲ ਇਸ ਸੰਬੰਧੀ ਨੀਤੀ ਤੇ ਕਾਨੂੰਨ ਬਣਾਏਗੀ।

### ਪਰਿਭਾਸ਼ਾਵਾਂ

ੳ ਹਿੱਤਾਂ ਦੇ ਟਕਰਾਅ ਤੋਂ ਭਾਵ ਜਨਤਕ ਸੇਵਾ ਨਿਭਾਉਣ ਵਾਲੇ ਕਿਸੇ ਵਿਅਕਤੀ ਦੀ ਜਨਤਕ ਡਿਊਟੀ ਅਤੇ ਉਸ ਵਿਅਕਤੀ ਜਾਂ ਕਿਸੇ ਹੋਰ ਵਿਅਕਤੀ ਦੇ ਨਿੱਜੀ ਹਿੱਤ ਵਿਚਕਾਰ ਪੈਦਾ ਹੋਣ ਵਾਲਾ ਟਕਰਾਅ ਹੈ। ਅਜਿਹੇ ਵਿਅਕਤੀ ਦੇ ਮੁੱਖ ਹਿੱਤ ਨਾਲ ਸਬੰਧਤ ਪੇਸ਼ੇਵਰ ਫ਼ੈਸਲਾ ਜਾਂ ਕਾਰਵਾਈ ਉਸਨੂੰ ਫਾਇਦਾ ਪਹੁੰਚਾਉਂਦੀ ਹੈ ਅਤੇ ਦੂਜੇ ਦੇ ਹਿੱਤ ਅਣਉਚਿਤ ਢੰਗ ਨਾਲ ਪ੍ਰਭਾਵਿਤ ਕਰਦੀ ਹੈ।

ਹਿੱਤਾਂ ਦੇ ਟਕਰਾਅ ਦੀ ਸਥਿਤੀ ਉਸ ਵੇਲੇ ਮੰਨੀ ਜਾਵੇਗੀ ਜਦੋਂ ਕੋਈ ਜਨਤਕ ਸੇਵਕ ਜਾਂ ਕਿਸੇ ਜਨਤਕ ਸੰਸਥਾ/ਅਥਾਰਟੀ/ਪ੍ਰੋਜੈਕਟ ਵਿੱਚ ਸੇਵਾ ਨਿਭਾ ਰਿਹਾ ਵਿਅਕਤੀ, ਜਾਂ ਜਿਸ ਵਿਅਕਤੀ ਤੋਂ ਕਿਸੇ ਜਨਤਕ ਅਥਾਰਟੀ ਜਾਂ ਸੰਸਥਾ ਵੱਲੋਂ ਕਿਸੇ ਜਨਤਕ ਪ੍ਰੋਜੈਕਟ ਬਾਰੇ ਸਿਫ਼ਾਰਸ਼ਾਂ ਮੰਗੀਆਂ ਜਾਂਦੀਆਂ ਹਨ, ਜਾਂ ਜਿਸ ਵਿਅਕਤੀ ਨੂੰ ਕਿਸੇ ਜਨਤਕ ਪ੍ਰੋਜੈਕਟ ਲਈ ਬਣਾਈ ਗਈ ਕਿਸੇ ਕਮੇਟੀ, ਉਪ-ਕਮੇਟੀ ਜਾਂ ਸਲਾਹਕਾਰ ਸੰਸਥਾ ਵਿੱਚ ਸ਼ਾਮਲ ਕੀਤਾ ਗਿਆ ਹੈ ਜਾਂ ਸ਼ਾਮਲ ਕਰਨ ਦੀ ਤਜਵੀਜ਼ ਹੈ, ਉਸ ਨੇ ਪਿਛਲੇ 24 ਮਹੀਨਿਆਂ ਦੌਰਾਨ ਕਿਸੇ ਨਿੱਜੀ ਸੰਸਥਾ ਵਿੱਚ ਸੇਵਾ ਕੀਤੀ ਹੋਵੇ, ਜਾਂ ਵਰਤਮਾਨ ਵਿੱਚ ਕਿਸੇ ਨਿੱਜੀ ਸੰਸਥਾ ਵਿੱਚ ਸੇਵਾ ਕਰ ਰਿਹਾ ਹੋਵੇ, ਜਾਂ ਅਗਲੇ 24 ਮਹੀਨਿਆਂ ਦੌਰਾਨ ਕਿਸੇ ਨਿੱਜੀ ਸੰਸਥਾ ਵਿੱਚ ਸੇਵਾ ਕਰਨ ਵਾਲਾ ਹੋਵੇ। ਜਿਸ ਵਿਚ ਉਸਦਾ, ਉਸਦੇ ਪਰਿਵਾਰ ਜਾਂ ਨੇੜਲੇ ਰਿਸ਼ਤੇਦਾਰ ਦਾ ਨਿਜੀ ਹਿੱਤ ਹੋਵੇ।

- “ਜਨਤਕ ਵਿਅਕਤੀ” ਦਾ ਅਰਥ ਹੈ ਕੋਈ ਵਿਅਕਤੀ, ਵਿਅਕਤੀਆਂ ਦੀ ਐਸੋਸੀਏਸ਼ਨ ਜਾਂ ਸੰਸਥਾ, ਭਾਵੇਂ ਉਹ ਰਜਿਸਟਰਡ ਹੋਵੇ ਜਾਂ ਨਾ ਹੋਵੇ, ਸਰਕਾਰੀ ਜਾਂ ਗੈਰ-ਸਰਕਾਰੀ ਸੰਸਥਾ, ਅਤੇ ਇਸ ਵਿੱਚ ਰਾਜ ਵਿਧਾਨ ਸਭਾ ਦਾ ਉਹ ਮੈਂਬਰ ਵੀ ਸ਼ਾਮਲ ਹੈ ਜੋ ਆਮ ਜਨਤਾ ਦੀ ਸੇਵਾ ਵਿੱਚ ਲੱਗਾ ਹੋਇਆ ਹੈ।

ਪੰਜਾਬ ਰਾਜ ਵਿਧਾਨ ਸਭਾ ਦਾ ਮੈਂਬਰ ਇਸ ਐਕਟ ਦੇ ਉਦੇਸ਼ਾਂ ਲਈ ਜਨਤਕ ਅਹੁਦੇਦਾਰ ਮੰਨਿਆ ਜਾਵੇਗਾ, ਕਿਉਂਕਿ ਉਹ ਰਾਜ ਦੀਆਂ ਜਨਤਕ ਨੀਤੀਆਂ ਨੂੰ ਪ੍ਰਭਾਵਿਤ ਕਰਨ ਦੀ ਸਥਿਤੀ ਵਿੱਚ ਹੁੰਦਾ ਹੈ ਅਤੇ ਵਿਧਾਨ ਸਭਾ ਵੱਲੋਂ ਪਾਸ ਕੀਤੇ ਜਾਂਦੇ ਰਾਜ ਦੇ ਕਾਨੂੰਨਾਂ ਉੱਤੇ ਵੋਟ ਪਾਉਣ ਦਾ ਅਧਿਕਾਰ ਰੱਖਦਾ ਹੈ। "Secondary Interest" ਵਿੱਚ ਨਿੱਜੀ ਲਾਭ ਸ਼ਾਮਲ ਹੈ ਅਤੇ ਇਹ ਸਿਰਫ਼ ਵਿੱਤੀ ਲਾਭ ਤੱਕ ਸੀਮਿਤ ਨਹੀਂ ਹੈ, ਇਸ ਵਿੱਚ ਪੇਸ਼ੇਵਰ ਤਰੱਕੀ ਜਾਂ ਪਰਿਵਾਰਕ ਮੈਂਬਰਾਂ ਲਈ ਕਿਸੇ ਕਿਸਮ ਦੀ ਮਿਹਰਬਾਨੀ ਜਾਂ ਉਨ੍ਹਾਂ ਵਿਅਕਤੀਆਂ ਲਈ ਲਾਭ ਵੀ ਸ਼ਾਮਲ ਹਨ, ਜਿਨ੍ਹਾਂ ਦਾ ਸੰਬੰਧਿਤ ਵਿਧਾਨਕ ਸੰਸਥਾ, ਸੰਸਥਾ ਜਾਂ ਕਮੇਟੀ ਜਾਂ ਕਮਿਸ਼ਨ ਨਾਲ ਸਾਂਝਾ ਵਪਾਰਕ ਜਾਂ ਵਿੱਤੀ ਹਿੱਤ ਹੋਵੇ।

### ਜਾਣਕਾਰੀ ਤੇ ਕਾਰਵਾਈ

ਵਿਅਕਤੀ ਦੀ ਡਿਊਟੀ ਹੋਵੇਗੀ ਕਿ ਉਹ ਸੰਬੰਧਤ ਵਿਭਾਗ ਦੇ ਮੁਖੀ ਨੂੰ ਪੂਰੀ ਜਾਣਕਾਰੀ ਦੇਵੇ ਤੇ ਦਸੇ ਕੇ ਕਿਵੇਂ ਉਸਦੇ ਨਿਜੀ ਹਿੱਤ ਸਰਕਾਰ ਦੇ ਫੈਸਲੇ ਨਾਲ ਸੰਬੰਧ ਹਨ ਅਤੇ ਉਸ ਤੋਂ ਇਸ ਨੂੰ ਫੈਸਲਾ ਲੈਣ ਸਮੇ ਅਲਗ ਰੱਖਿਆ ਜਾਵੇ। ਨਾ ਦੱਸਣ ਦੀ ਸੂਰਤ ਵਿਚ ਉਸਦੇ ਖਿਲਾਫ ਕਾਰਵਾਈ ਹੋਵੇਗੀ। ਸਾਡੀ ਪਾਰਟੀ ਪੰਜਾਬ ਸਾਂਝੀਵਾਲਤਾ ਦਲ ਇਸ ਲਈ ਵਿਸ਼ੇਸ਼ ਕਾਨੂੰਨ ਬਣਾਏਗੀ।

# ਪੰਜਾਬ ਦੀ ਆਰਥਿਕਤਾ ਨੂੰ ਨਵੀਂ ਦਿਸ਼ਾ ਦੇਣ ਲਈ ਨਿੱਗਰ ਤੇ ਦੂਰਦਰਸ਼ੀ ਫੈਸਲੇ

## ਪੰਜਾਬ ਦਾ ਵਿੱਤੀ ਸੰਕਟ ਤੇ ਇਸਦਾ ਹੱਲ

ਪੰਜਾਬ, ਜੋ ਕਦੇ ਦੇਸ਼ ਦੇ ਸਭ ਤੋਂ ਖੁਸ਼ਹਾਲ ਤੇ ਮੋਹਰੀ ਸੂਬਾ ਸੀ, ਇਸ ਵੇਲੇ ਦੇਸ਼ ਦੇ ਵੱਡੇ ਸੂਬਿਆਂ ਵਿਚੋਂ ਆਰਥਿਕ ਤਰੱਕੀ ਵਿਚ ਸੱਭ ਤੋਂ ਪਛੜਿਆ ਹੋਇਆ ਸੂਬਾ ਹੈ।ਇਹ ਗੰਭੀਰ ਵਿੱਤੀ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਬਜਟ 2026 ਦੇ ਅਨੁਮਾਨਾਂ ਅਨੁਸਾਰ ਮਾਰਚ 2027 ਦੇ ਅੰਤ ਤੱਕ ਸੂਬੇ ਦਾ ਕਰਜ਼ਾ ਲਗਭਗ 4.45 ਲੱਖ ਕਰੋੜ ਰੁਪਏ ਤਕ ਪਹੁੰਚਣ ਦੀ ਸੰਭਾਵਨਾ ਹੈ। 2025-26 ਦੇ ਅੰਤ ਤਕ ਇਹ 4,02, 633 ਕਰੋੜ ਹੋ ਗਿਆ ਸੀ। ਪਿਛਲੇ ਕਈ ਸਾਲਾਂ ਤੋਂ ਪੰਜਾਬ ਦੀ ਆਰਥਿਕ ਵਿਕਾਸ ਦਰ ਕੌਮੀ ਔਸਤ ਨਾਲੋਂ ਪਿੱਛੇ ਹੀ ਰਹੀ ਹੈ। ਪੰਜਾਬ ਦੇ ਆਰਥਿਕ ਵਿਕਾਸ ਦੀ ਦਰ ਸਾਲ 2025-26 ਵਿਚ 6.1 ਪ੍ਰਤੀਸ਼ਤ ਸੀ ਤੇ ਦੇਸ਼ ਦੇ 7.5 ਪ੍ਰਤੀਸ਼ਤ ਤੋਂ ਵੀ ਵੱਧ ਸੀ।

ਇਸ ਲਈ ਚਿੰਤਾ ਕਰਜ਼ੇ ਦੇ ਵਧਦੇ ਆਕਾਰ ਦੇ ਨਾਲ-ਨਾਲ ਇਸ ਗੱਲ ਦੀ ਵੀ ਹੈ ਕੇ ਇੰਨੇ ਵੱਡੇ ਕਰਜ਼ੇ ਦੇ ਬਾਵਜੂਦ ਸੂਬਾ ਆਰਥਿਕ ਵਿਕਾਸ ਵਿਚ ਲਗਤਾਰ ਪਛੜਦਾ ਜਾ ਰਿਹਾ ਹੈ। ਨਵਾਂ ਕਰਜ਼ਾ ਮੁੱਖ ਤੌਰ 'ਤੇ ਪੁਰਾਣੀਆਂ ਤੇ ਪੱਕੀਆਂ ਦੇਣਦਾਰੀਆਂ, ਜਿਵੇਂ ਕੇ ਕਾਰਜੇ ਦੇ ਵਿਆਜ਼ ਦਾ ਬੋਝ ਚੁਕਾਉਣ ਜਾਂ ਲਗਾਤਾਰ ਖਪਤਮੁਖੀ ਲੋੜਾਂ ਪੂਰੀਆਂ ਕਰਨ ਵੱਲ ਜਾ ਰਿਹਾ ਹੈ। ਇਸ ਕਰਕੇ ਕੈਪੀਟਲ ਇਨਵੈਸਟਮੈਂਟ ਕਰਕੇ ਨਵੇਂ ਆਮਦਨ ਦੇ ਸਰੋਤ ਪੈਦਾ ਕਰਨ ਦਾ ਭੋਗ ਪੈ ਗਿਆ ਹੈ।

ਵਿੱਤੀ ਦਬਾਅ ਦੀ ਤਸਵੀਰ ਬਜਟ ਦੇ ਅੰਕੜਿਆਂ ਤੋਂ ਵੀ ਸਪਸ਼ਟ ਹੁੰਦੀ ਹੈ। ਇੱਕ ਪਾਸੇ ਹਰ ਸਾਲ ਹੁਣ ਲਗਭਗ 28,000 ਕਰੋੜ ਰੁਪਏ ਵਿਆਜ਼ ਦੀ ਅਦਾਇਗੀ ਵਿੱਚ ਲੱਗ ਰਹੇ ਹਨ, ਅਤੇ ਦੂਜੇ ਪਾਸੇ ਲਗਭਗ 26,300 ਕਰੋੜ ਰੁਪਏ ਸਬਸਿਡੀਆਂ ਅਤੇ ਮੁਫ਼ਤ ਸਹੂਲਤਾਂ ਉੱਤੇ ਖਰਚ ਕੀਤੇ ਜਾ ਰਹੇ ਹਨ। ਇਸਦਾ ਅਰਥ ਹੈ ਕਿ ਸਰਕਾਰੀ ਸਰੋਤਾਂ ਦਾ ਇੱਕ ਵੱਡਾ ਹਿੱਸਾ ਪਹਿਲਾਂ ਪੁਰਾਣੇ ਕਰਜ਼ੇ ਦੀ ਕੀਮਤ ਚੁਕਾਉਣ ਅਤੇ ਫਿਰ ਲੋਕਲਭਾਉ ਖਰਚਿਆਂ ਨੂੰ ਪੂਰਾ ਕਰਨ ਵਿੱਚ ਲੱਗ ਰਿਹਾ ਹੈ।

ਸਾਡੀ ਪਾਰਟੀ ਪੰਜਾਬ ਸਾਂਝੀਵਾਲਤਾ ਦਲ ਦੂਸਰੀਆਂ ਰਾਜਨੀਤਕ ਪਾਰਟੀਆਂ ਵੱਲੋਂ ਸੱਤਾ ਤੇ ਕਾਬਜ਼ ਹੋਣ ਲਈ ਸਰਕਾਰੀ ਖਜਾਨੇ 'ਚੋ ਵੋਟਰਾਂ ਨੂੰ ਲੋਕ ਭਲਾਈ ( ਸਟੇਟ ਵੈਲਫ਼ੇਅਰ ) ਦੇ ਪਰਦੇ ਥਲੇ ਰਿਸ਼ਵਤ ਦੇਕੇ ਵੋਟਾਂ ਖਰੀਦਣ ਦੇ ਚੱਲ ਰਹੇ ਵਰਤਾਰੇ ਨੂੰ ਠੱਲ ਪਵੇਗੀ ਤੇ ਲੋਕ ਭਲਾਈ ਦੇ ਕਾਰਜ ਸੰਬੰਧ ਵਿਚ ਤਰਕਸੰਗਤ ਵਿਧੀ ਅਪਾਉਂਦੀ ਹੋਈ ਇਸ ਨੂੰ ਬੁਨਿਆਦੀ ਤੌਰ ਤੇ ਮਜ਼ਬੂਤ ਕਰੇਗੀ। ਕਹਿਣ ਤੋਂ ਭਾਵ ਸਾਧਨਾਂ ਤੇ ਆਮਦਨ ਪੱਖੋਂ ਸਮਰਥ ਲੋਕਾਂ ਦੀ ਬਜਾਏ ਇਹ ਸਿਰਫ਼ ਲੋੜਮੰਦ ਲੋਕਾਂ ਲਈ ਭਲਾਈ ਤੇ ਸਬਸਿਡੀ ਦੀਆਂ ਸਕੀਮਾਂ ਦਾ ਸੁਤੰਤਰ ਮੁਲੰਕਣ ਕਰਵਾਏਗੀ।

ਜਿਵੇਂ ਕੇ ਇਕ ਪਰਿਵਾਰ ਦੇ ਇਕ ਟਿਊਬਵੈੱਲ ਨੂੰ ਖੇਤੀ ਲਈ ਫ੍ਰੀ-ਬਿਜਲੀ ਮਿਲੇਗੀ। ਪਰ ਬੁਢਾਪਾ, ਵਿਧਵਾ, ਅੰਗਹੀਣ ਪੈਨਸ਼ਨ ਦੁੱਗਣੀ ਕਰ ਦਿੱਤੀ ਜਾਵੇਗੀ। ਸਾਡੀ ਪਾਰਟੀ ਪੈਨਸ਼ਨ ਜਰੀਏ ਲਾਭਪਾਤਰੀਆਂ ਨੂੰ ਆਰਥਿਕ ਪੱਖੋਂ ਮਾਲੀ ਸਕੂਨ ਮੁਹੱਈਆ ਕਰਵਾਏਗੀ।

ਸਾਡੀ ਪਾਰਟੀ ਸਮਝਦੀ ਹੈ ਹੁਣ ਤੱਕ ਰਾਜ ਕਰਦੀਆਂ ਆ ਰਹੀਆਂ ਰਾਜਨੀਤਕ ਪਾਰਟੀਆਂ ਨੇ ਮੁੱਖ-ਮੰਤਰੀ ਦੀ ਕੁਰਸੀ ਸਾਂਭਣ ਦੀ ਦੌੜ ਵਿਚ ਪੰਜਾਬ ਦੇ ਅਰਥਚਾਰੇ ਦਾ ਸਤਿਆਨਾਸ ਕਰ ਦਿੱਤਾ ਹੈ। ਜਿਸ ਦਾ ਨਤੀਜਾ ਇਹ ਹੈ ਕੇ ਪੰਜਾਬ ਦੀ ਨਵੀਂ ਪੀੜੀ (ਨੌਜਵਾਨ ਵਰਗ) ਦਾ ਭਵਿੱਖ ਚੌਪਟ ਹੋ ਗਿਆ ਹੈ, ਉਹ ਹੁਣ ਆਪਣਾ ਭਵਿੱਖ ਪੰਜਾਬ ਦੀ ਬਜਾਏ ਕੈਨੇਡਾ, ਅਮਰੀਕਾ , ਆਸਟ੍ਰੇਲੀਆ, ਨਿਊਜੀਲੈਂਡ ਤੇ ਇਟਲੀ ਵਰਗੇ ਦੇਸ਼ਾਂ ਵਿੱਚ ਵੇਖ ਰਿਹਾ ਹੈ। ਨਤੀਜਨ ਪੰਜਾਬ ਖਾਲੀ ਹੋ ਰਿਹਾ ਹੈ ਤੇ ਵਸਦੇ -ਰਸਦੇ ਪੰਜਾਬ ਵਿਚ ਚੁੱਪ ਪਸਰਨੀ ਸ਼ੁਰੂ ਹੋ ਗਈ ਹੈ। ਸਾਡੀ ਪਾਰਟੀ ਮੁਫ਼ਤ ਬੱਸ ਸਫ਼ਰ, ਔਰਤਾਂ ਨੂੰ 1000/1500 ਰੁਪਏ ਮੁਫ਼ਤ ਬਿਜਲੀ ਵਰਗੀਆਂ ਸਬਸਿਡੀਆਂ ਨੂੰ ਬੰਦ ਕਰਕੇ ਪੰਜਾਬ ਦੇ ਲੋਕਾਂ ਦਾ ਟੈਕਸ ਦਾ ਪੈਸਾ ਪੰਜਾਬ ਨੂੰ ਤਰੱਕੀ ਅਤੇ ਖੁਸ਼ਹਾਲੀ ਵੱਲ ਲੈਕੇ ਜਾਣ ਲਈ ਨਿਵੇਸ਼ ਕੀਤਾ ਜਾਵੇਗਾ। ਪੰਜਾਬ ਦੇ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਖੇਤੀਬਾੜੀ ਨੂੰ ਨਵੀਂ ਦਿਸ਼ਾ ਦੇਣ ਲਈ ਤੇ ਧਾਨ (ਪੈਡੀ) ਵਰਗੀ ਫ਼ਸਲ ਥੱਲੇ ਰਕਬੇ ਵਿਚ ਪਭਾਵਸ਼ਾਲੀ ਕਮੀ ਕਰਕੇ ਪੰਜਾਬ ਦੇ ਵਾਤਾਵਰਣ ਨੂੰ ਬਚਾਏਗੀ ਤੇ ਕਿਸਾਨਾਂ ਨੂੰ ਪੈਡੀ ਦੀ ਫ਼ਸਲ ਦੇ ਬਰਾਬਰ ਦੀਆਂ ਲਾਭਦਾਇਕ ਫਸਲਾਂ ਦਾ ਬਦਲ 12000 ਕਰੋੜ ਰੁਪਏ ਖਰਚ ਕੇ ਮੁਹਈਆ ਕਾਰਵੇਗੀ। ਕੇਂਦਰ ਸਰਕਾਰ ਵਲੋਂ ਮਨਰੇਗਾ ਵਿਚ ਕੀਤੇ ਬਦਲ ਕਾਰਨ ਜੋ ਮਜਦੂਰ ਵਰਗ ਕੰਮ ਕਾਰ ਵਿਹਲਾ ਹੋ ਗਿਆ ਹੈ ਉਸ ਲਈ ਪੰਜਾਬ ਆਪਣੀ ਸਕੀਮ ਚਲਾਏਗਾ ਤੇ ਇਸ ਲਈ 2500 ਕਰੋੜ ਦੇ ਵਿਵਸਥਾ ਉਨ੍ਹੀ ਦੇਰ ਕਰੇਗਾ ਜਿੰਨੀ ਕੇਂਦਰ ਦੇ ਮਨਰੇਗਾ ਸਕੀਮ ਵਿਚ ਮਜਦੂਰ ਪੱਖੀ ਦੁਬਾਰਾ ਤਬਦੀਲੀਆਂ ਨਹੀਂ ਹੋ ਜਾਂਦੀਆਂ।

## ਅਸਲ ਵਿੱਤੀ ਹਾਲਤ ਨੂੰ ਸਾਹਮਣੇ ਲੋਕਾਂ ਸਾਹਮਣੇ ਰੱਖੀ ਜਾਵੇਗੀ

ਸਭ ਤੋਂ ਪਹਿਲਾ ਮਾਹਿਰਾਂ ਦੀ ਇੱਕ ਸੁਤੰਤਰ ਕਮੇਟੀ ਗਠਿਤ ਕਰਕੇ ਉਸ ਦੀ ਨਿਗਰਾਨੀ ਹੇਠ ਸਰਕਾਰੀ ਖਰਚੇ ਦੀ ਬਰੀਕੀ ਨਾਲ ਜਾਂਚ ਕਰਵਾਈ ਜਾਵੇਗੀ ਤੇ ਲੋਕਾਂ ਸਾਹਮਣੇ ਰੱਖੀ ਜਾਵੇਗੀ। ਹਰ ਖਰਚੇ ਦੀ ਹਰ ਸਾਲ ਨਵੇਂ ਸਿਰਿਓਂ ਪੜਚੋਲ ਹੋਵੇਗੀ ਤੇ ਉਸਤੋਂ ਹੋ ਰਹੇ ਲਾਭ ਜਾਂ ਨੁਕਸਾਨ ਨੂੰ ਲੋਕਾਂ ਸਾਹਮਣੇ ਵਿਧਾਨ ਸਭਾ ਰਾਹੀਂ ਰੱਖਿਆ ਜਾਵੇਗਾ। ਇਸ ਕਮੇਟੀ ਵਿੱਚ ਖੇਤੀਬਾੜੀ, ਸਿੱਖਿਆ, ਸਿਹਤ, ਵਿੱਤ, ਉਦਯੋਗ ਅਤੇ ਪ੍ਰਸ਼ਾਸਨ ਵਰਗੇ ਵੱਖ-ਵੱਖ ਖੇਤਰਾਂ ਦੇ ਤਜਰਬੇਕਾਰ ਮਾਹਿਰ ਸ਼ਾਮਲ ਕੀਤੇ ਜਾਣ, ਤਾਂ ਜੋ ਹਰ ਖੇਤਰ ਦੇ ਖਰਚੇ ਦੀ ਲੋੜ, ਉਪਯੋਗਤਾ ਅਤੇ ਨਤੀਜਿਆਂ ਦਾ ਨਿਰਪੱਖ ਮੁਲਾਂਕਣ ਹੋ ਸਕੇ।

ਇਸ ਦੇ ਨਾਲ ਹੀ ਇਹ ਵੀ ਜ਼ਰੂਰੀ ਹੈ ਕਿ ਮੰਡੀ ਬੋਰਡ, ਪੁੱਡਾ ਅਤੇ ਹੋਰ ਵਿਕਾਸ ਬੋਰਡਾਂ ਨਿਗਮਾਂ ਰਾਹੀਂ ਲਏ ਜਾਂਦੇ ਕਰਜ਼ਿਆਂ ਨੂੰ ਵੀ ਤੁਰੰਤ ਰੋਕਿਆ ਜਾਵੇਗਾ। ਕਿਉਂਕਿ ਆਖਿਰਕਾਰ ਇਹਨਾਂ ਦਾ ਸਿੱਧਾ ਬੋਝ ਸਰਕਾਰ ਦੇ ਹੀ ਸਿਰ ਮੜ੍ਹਿਆ ਜਾਂਦਾ ਹੈ।

## ਨਵਾਂ ਕਰਜੇ ਦੇ ਵਰਤੋਂ ਭਵਿੱਖ ਵਿਚ ਰਾਜ ਦੀ ਆਮਦਨ ਵਧਾਉਣ ਲਈ

ਨਵਾਂ ਕਰਜੇ ਦੇ ਜਿਆਦਾ ਵਰਤੋਂ ਨਿਵੇਸ਼ ਲਈ ਕੀਤੀ ਜਾਵੇਗੀ। ਉਹ ਨਿਵੇਸ਼ ਲਈ ਜਰੂਰੀ ਹੋਵੇ ਅਤੇ ਭਵਿੱਖ ਵਿਚ ਆਮਦਨ ਵਧਾਉਣ ਦੇ ਕਮ ਆਵੇ। ਸਰਕਾਰੀ ਖ਼ਾਜ਼ਨੇ ਦੀ ਵਰਤੋਂ ਪੰਜਾਬ ਦੀ ਚੜਦੀ ਕਲਾਂ , ਯੁਵਾ ਪੀੜੀ ਦਾ ਪੰਜਾਬ ਵਿਚ ਮੁੜ ਪੂਰਨ ਭਰੋਸਾ ਕਾਇਮ ਕਰਨ , ਰੁਜਗਾਰ ਦੇ ਸਾਧਨ ਪੈਦਾ ਕਰਨ , ਸੇਹਤ ਤੇ ਵਿੱਦਿਆ ਵਰਗੀਆਂ ਮੁਢਲੀਆਂ ਮਿਆਰੀ ਸਹੂਲਤਾਂ ਲੋਕਾਂ ਨੂੰ ਮੁਫ਼ਤ ਦੇਣ ਲਈ ਹੀ ਕੀਤਾ ਜਾਵੇਗਾ। ਰਾਜਨੀਤਕ "ਸ਼ੋਅ ਬਿਜਨੈੱਸ ਤੇ ਇਸ ਨਾਲ ਜੁੜੇ ਲਾਮ ਲਸ਼ਕਰ" ਤੋਂ ਪੰਜਾਬ ਨੂੰ ਛੁਟਕਾਰਾ ਦਵਾਇਆ ਜਾਵੇਗਾ। ਪੰਜਾਬ ਦੇ ਕੌਮੀ ਪੱਧਰ ਤੇ ਮੜਕ ਨੂੰ ਬਹਾਲ ਕੀਤਾ ਜਾਵੇਗਾ।

## ਜੀਐਸਟੀ ਤੋਂ ਆਮਦਨ ਵਧਾਉਣ ਲਈ ਕਦਮ ਚੁਕੇ ਜਾਣਗੇ

2022 ਵਿੱਚ ਕੇਂਦਰ ਸਰਕਾਰ ਵਲੋਂ ਜੀਐਸਟੀ ਸੰਬੰਧ ਵਿਚ ਦਿਤੇ ਜਾਂਦੇ 14% ਮੁਆਵਜ਼ਾ ਖਤਮ ਹੋਣ ਤੋਂ ਬਾਅਦ ਹੁਣ ਕੇਂਦਰ ਕਿਸੇ ਵੀ ਸੂਬੇ ਦਾ ਕੋਈ ਘਾਟਾ ਪੂਰਾ ਨਹੀਂ ਕਰਦਾ। ਰਾਜ ਸਰਕਾਰ ਦੀ ਹੀ ਇਸਤੋਂ ਆਮਦਨ ਵਧਾਉਣ ਦੀ ਜੁਮੇਵਾਰੀ ਹੈ। ਸਾਲ 2026 ਦੇ ਜੂਨ ਮਹੀਨੇ ਦੌਰਾਨ ਵਿਸ਼ਵ ਐਮਐੱਸਐਮਈ ਫੋਰਮ ਵੱਲੋਂ ਦੱਸਿਆ ਗਿਆ ਕਿ ਜੀਐਸਟੀ ਦੇ ਸੰਬੰਧ ਵਿਚ ਨਿਗਰਾਨੀ ਦੀ ਕਮੀ ਕਾਰਨ ਪੰਜਾਬ ਨੂੰ ਸਾਲਾਨਾ 15,000 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋ ਰਿਹਾ ਹੈ। ਜੀਐਸਟੀ ਚੋਰੀ ਵਿਚ ਜਾਅਲੀ ਬਿਲਿੰਗ ਅਤੇ ਇਨਪੁੱਟ ਕ੍ਰੈਡਿਟ ਧੋਖਾਧੜੀ ਫੜਨ ਲਈ ਡਾਟਾ ਵਿਸ਼ਲੇਸ਼ਣ ਆਧਾਰਿਤ ਨਿਗਰਾਨੀ ਵਧਾਈ ਜਾਵੇਗੀ।

## ਬਚਤ ਦਾ ਸਹੀ ਥਾਂ ਉਪਰ ਨਿਵੇਸ਼

ਪੰਜਾਬ ਦੇ ਉਦਯੋਗਿਕ ਵਿਕਾਸ ਦੀ ਬੁਨਿਆਦ ਕਿਸੇ ਨਿਵੇਸ਼ ਸੰਮੇਲਨ ਦੇ ਮੰਚ ਤੋਂ ਨਹੀਂ, ਸਗੋਂ ਸੜਕ, ਬਿਜਲੀ ਅਤੇ ਲੌਜਿਸਟਿਕਸ ਵਰਗੇ ਬੁਨਿਆਦੀ ਢਾਂਚੇ ਤੋਂ ਸ਼ੁਰੂ ਹੁੰਦੀ ਹੈ। ਜੇ ਸਰਕਾਰ ਖੁਦ

ਮਨਜ਼ੂਰ ਕੀਤੀ ਪੂੰਜੀ ਸਮੇਂ ਸਿਰ ਖਰਚ ਨਹੀਂ ਕਰ ਸਕਦੀ, ਤਾਂ ਨਿੱਜੀ ਨਿਵੇਸ਼ਕ ਕਿਸ ਭਰੋਸੇ ਪੰਜਾਬ ਵੱਲ ਵੇਖਣਗੇ? ਸਰਕਾਰੀ ਖਰਚੇ ਦਾ ਮਕਸਦ ਸਿਰਫ਼ ਇਮਾਰਤਾਂ ਖੜ੍ਹੀਆਂ ਕਰਨਾ ਨਹੀਂ, ਸਗੋਂ ਅਜਿਹਾ ਇਕੋਸਿਸਟਮ ਤਿਆਰ ਕਰਨਾ ਹੈ ਜੋ ਨਿੱਜੀ ਪੂੰਜੀ ਨੂੰ ਆਪਣੇ-ਆਪ ਖਿੱਚ ਲਿਆਵੇ ਅਤੇ ਉਸ ਨੂੰ ਕਈ ਗੁਣਾ ਵਧਾ ਦੇਵੇ। ਪਿਛਲੇ ਸਾਲਾਂ ਵਿੱਚ ਪੰਜਾਬ ਨੇ ਵੱਡੇ ਨਿਵੇਸ਼ ਸੰਮੇਲਨਾਂ ਵਿੱਚ ਅਰਬਾਂ ਦੇ ਪ੍ਰੋਜੈਕਟਾਂ ਅਤੇ ਲੱਖਾਂ ਨੌਕਰੀਆਂ ਦੇ ਵਾਅਦੇ ਸੁਣੇ, ਪਰ ਜ਼ਮੀਨ ’ਤੇ ਬਹੁਤਾ ਬਦਲਿਆ ਨਹੀਂ। ਇੱਥੋਂ ਤੱਕ ਕਿ ਬੀ.ਐਮ.ਡਬਲਿਊ ਵਰਗੇ ਵੱਡੇ ਨਾਂ ਵੀ ਸਿਰਫ਼ ਚਰਚਾ ਦਾ ਵਿਸ਼ਾ ਹੀ ਬਣੇ ਰਹੇ, ਠੋਸ ਉਦਯੋਗਿਕ ਨਤੀਜੇ ਵਿੱਚ ਨਹੀਂ ਬਦਲੇ। ਸਬਕ ਸਾਫ਼ ਹੈ ਹੁਣ ਲੋੜ ਨਵੇਂ ਸੰਮੇਲਨ ਦੀ ਨਹੀਂ, ਪਹਿਲਾਂ ਉਸ ਜ਼ਮੀਨ ਨੂੰ ਤਿਆਰ ਕਰਨ ਦੀ ਹੈ ਜਿਸ ’ਤੇ ਨਿਵੇਸ਼ ਟਿਕ ਸਕੇ। ਇਸ ਲਈ ਸਾਡੀ ਪਾਰਟੀ ਨਵੀ ਨੀਤੀ ਤਿਆਰ ਕਰੇਗੀ ਤੇ ਪੰਜਾਬ ਦੇ ਉਦਯੋਗਿਕ ਵਿਕਾਸ ਨੂੰ ਅਮਲੀ ਜਾਮਾ ਪਹਿਨਾਵੇਗੀ।ਲੋਕਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰੇਗੀ ਤੇ ਮਹਿਜ ਸਰਕਾਰੀ ਅਦਾਰਿਆਂ ਵਿੱਚ ਪਈਆਂ ਖਾਲੀ ਅਸਾਮੀਆਂ ਨੂੰ ਭਰਕੇ ਲੋਕਾਂ ਨੂੰ ਰੁਜਗਾਰ ਦੇਣ ਵਾਲਾ ਡਰਾਮਾ ਨਹੀਂ ਕਰੇਗੀ।

## ਖੇਤੀ ਨੂੰ ਬੋਝ ਨਹੀਂ ਤਰੱਕੀ ਦਾ ਇੰਜਣ ਬਣਾਇਆ ਜਾਵੇਗਾ ਤੇ ਖੇਤੀ ਉਤਪਾਦ ਤੋਂ ਖਾਦ ਪਦਾਰਥਾਂ ਵਿਚ ਬਦਲਿਆ ਜਾਵੇਗਾ

ਪੰਜਾਬ ਇੱਕ ਪਾਸੇ ਆਪਣਾ ਸਭ ਤੋਂ ਕੀਮਤੀ ਸਰੋਤ, ਭਾਵ ਪਾਣੀ, ਖਰਚ ਕਰ ਰਿਹਾ ਹੈ, ਅਤੇ ਦੂਜੇ ਪਾਸੇ ਉਸ ਦੇ ਬਦਲੇ ਟੈਕਸ ਦੇ ਰੂਪ ਵਿੱਚ ਕੁਝ ਵੀ ਵਾਪਸ ਨਹੀਂ ਪਾ ਰਿਹਾ। ਇਸੇ ਕਾਰਨ ਪੰਜਾਬ ਨੂੰ ਸਿਰਫ਼ ਵੱਧ ਅਨਾਜ ਉਗਾਉਣ ਦੀ ਬਜਾਏ, ਅਨਾਜ, ਦੁੱਧ, ਫਲ ਅਤੇ ਸਬਜ਼ੀ ਨੂੰ ਪ੍ਰੋਸੈਸ ਕਰਕੇ ਤਿਆਰ ਮਾਲ ਬਣਾਉਣ ਵੱਲ ਧਿਆਨ ਦੇਣਾ ਚਾਹੀਦਾ ਹੈ, ਤਾਂ ਜੋ ਪਾਣੀ ਦਾ ਖਰਚਾ ਸਿਰਫ਼ ਖਪਤ ਨਾ ਰਹੇ, ਸਗੋਂ ਰੁਜ਼ਗਾਰ ਅਤੇ ਆਮਦਨ ਦੇ ਰੂਪ ਵਿੱਚ ਪੰਜਾਬ ਨੂੰ ਵਾਪਸ ਮਿਲੇ। ਕੱਚੀ ਕਣਕ ਵੇਚਣ ਨਾਲ ਜੋ ਪੈਸਾ ਮਿਲਦਾ ਹੈ, ਉਸ ਨਾਲੋਂ ਬਿਸਕੁਟ ਜਾਂ ਬਰੈੱਡ ਬਣਾ ਕੇ ਵੇਚਣ ਨਾਲ ਕਈ ਗੁਣਾ ਵੱਧ ਕਮਾਈ ਹੁੰਦੀ ਹੈ, ਅਤੇ ਇਸ ਕਮਾਈ ਦੇ ਨਾਲ ਨਾਲ ਫੈਕਟਰੀ ਲੱਗਣ ਨਾਲ ਰੁਜ਼ਗਾਰ ਤੇ ਆਮਦਨ ਕਰ ਦਾ ਲਾਭ ਵੀ ਸਿੱਧਾ ਪੰਜਾਬ ਨੂੰ ਮਿਲਦਾ ਹੈ, ਭਾਵੇਂ ਵਿਕਰੀ ਤੋਂ ਟੈਕਸ ਆਖ਼ਰਕਾਰ ਖਪਤਕਾਰ ਰਾਜ ਨੂੰ ਹੀ ਕਿਉਂ ਨਾ ਜਾਵੇ। ਇਸੇ ਤਰ੍ਹਾਂ ਦੁੱਧ ਨੂੰ ਵੀ ਕੱਚੇ ਰੂਪ ਵਿੱਚ ਵੇਚਣ ਦੀ ਥਾਂ ਪਨੀਰ, ਘਿਓ ਜਾਂ ਪੈਕ ਕੀਤੇ ਉਤਪਾਦਾਂ ਵਿੱਚ ਬਦਲ ਕੇ ਵੇਚਿਆ ਜਾਵੇ। ਇਸ ਯੋਜਨਾ ਲਈ ਬਾਜ਼ਾਰ ਵੀ ਪੰਜਾਬ ਦੇ ਬਿਲਕੁਲ ਨੇੜੇ ਬੈਠਾ ਹੈ। ਚੰਡੀਗੜ੍ਹ ਅਤੇ ਅੰਮ੍ਰਿਤਸਰ ਤੋਂ ਖਾੜੀ ਦੇਸ਼ਾਂ ਤੱਕ ਸਿਰਫ਼ ਤਿੰਨ ਚਾਰ ਘੰਟੇ ਦੀ ਹਵਾਈ ਦੂਰੀ ਹੈ, ਅਤੇ ਉੱਥੇ ਪਹਿਲਾਂ ਤੋਂ ਹੀ ਪੰਜਾਬੀ ਭਾਈਚਾਰਾ ਮੌਜੂਦ ਹੈ ਜੋ ਇਸ ਮਾਲ ਨੂੰ ਖਰੀਦਣ ਲਈ ਤਿਆਰ ਬੈਠਾ ਹੈ। ਇਸ ਲਈ ਹਵਾਈ ਮਾਲ ਢੋਆ ਢੁਆਈ ਅਤੇ ਕੋਲਡ ਸਟੋਰਦੀ ਸਹੂਲਤ ਵਧਾਉਣ ਦੀ ਲੋੜ ਹੈ ਤਾਂ ਜੋ ਇਹ ਬਾਜ਼ਾਰ ਪੂਰੀ ਤਰ੍ਹਾਂ ਵਰਤਿਆ ਜਾ ਸਕੇ, ਅਤੇ ਪੰਜਾਬ ਦਾ ਪਾਣੀ ਸਿਰਫ਼ ਖਰਚ ਹੋ ਕੇ ਨਾ ਰਹਿ ਜਾਵੇ, ਸਗੋਂ ਰੁਜ਼ਗਾਰ ਅਤੇ ਆਮਦਨ ਦਾ ਸਾਧਨ ਬਣੇ। ਸਾਡੀ ਪਾਰਟੀ ਇਸ ਦਿਸ਼ਾ ਵਿਚ ਕੰਮ ਕਰੇਗੀ।

## ਵੇਰਕਾ ਅਤੇ ਪੰਜਾਬੀ ਖੇਤੀ ਉਤਪਾਦਾਂ ਨੂੰ ਵਿਸ਼ਵ ਬਾਜ਼ਾਰ ਤੱਕ ਲੈਕੇ ਜਾਇਆ ਜਾਵੇਗਾ

ਪੰਜਾਬ ਕੋਲ ਵੇਰਕਾ ਵਰਗਾ ਸਥਾਪਿਤ ਬ੍ਰਾਂਡ ਅਤੇ ਦੁਨੀਆ ਭਰ ਵਿੱਚ ਵੱਸਦਾ ਪੰਜਾਬੀ ਭਾਈਚਾਰਾ ਹੈ। ਮਿਲਕਫੈਡ ਪੰਜਾਬ ਨਾਲ ਲਗਭਗ 3.5 ਲੱਖ ਦੁੱਧ ਉਤਪਾਦਕ ਜੁੜੇ ਹੋਏ ਹਨ ਅਤੇ ਇਸ ਦੇ ਪਲਾਂਟਾਂ ਦੀ ਕੁੱਲ ਦੁੱਧ ਸੰਭਾਲ ਸਮਰੱਥਾ ਲਗਭਗ 30 ਲੱਖ ਲੀਟਰ ਪ੍ਰਤੀ ਦਿਨ ਹੈ। ਵੇਰਕਾ ਪਹਿਲਾਂ ਹੀ ਮੱਧ ਪੂਰਬ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਏਸ਼ੀਆ ਦੇ ਕਈ ਦੇਸ਼ਾਂ ਵਿੱਚ ਘਿਓ ਅਤੇ ਹੋਰ ਉਤਪਾਦ ਭੇਜ ਰਿਹਾ ਹੈ।

ਫਿਰ ਸਵਾਲ ਹੈ ਕਿ ਜੇ ਅਮੂਲ ਅਮਰੀਕਾ ਦੇ 33 ਰਾਜਾਂ ਤੱਕ ਅਤੇ ਯੂਰਪ ਵਿੱਚ ਸਪੇਨ ਤੇ ਪੁਰਤਗਾਲ ਤੱਕ ਪਹੁੰਚ ਸਕਦਾ ਹੈ, ਤਾਂ ਵੇਰਕਾ ਇਸ ਪੱਧਰ ਤੱਕ ਕਿਉਂ ਨਹੀਂ ਪਹੁੰਚ ਸਕਦਾ? ਵੇਰਕਾ ਨੂੰ ਗੁਣਵੱਤਾ, ਪੈਕਿੰਗ, ਉਤਪਾਦਾਂ ਦੀ ਵੈਰਾਇਟੀ ਅਤੇ ਅੰਤਰਰਾਸ਼ਟਰੀ ਮਿਆਰਾਂ ਵਿੱਚ ਹੋਰ ਸੁਧਾਰ ਕਰਕੇ ਪੰਜਾਬੀ ਡਾਇਸਪੋਰਾ ਨੂੰ ਪਹਿਲਾ ਬਾਜ਼ਾਰ ਬਣਾਉਣਾ ਚਾਹੀਦਾ ਹੈ।

ਇਸੇ ਤਰ੍ਹਾਂ ਪਨੀਰ, ਘਿਓ, ਮਸਾਲੇ, ਅਚਾਰ, ਸ਼ਹਿਦ, ਦਾਲਾਂ ਅਤੇ ਹੋਰ ਪੰਜਾਬੀ ਖੇਤੀ ਉਤਪਾਦਾਂ ਨੂੰ ਇੱਕ ਮਜ਼ਬੂਤ “Punjab Agro” ਬ੍ਰਾਂਡ ਹੇਠ ਵਿਦੇਸ਼ੀ ਬਾਜ਼ਾਰਾਂ ਵਿੱਚ ਲਿਜਾਇਆ ਜਾ ਸਕਦਾ ਹੈ। ਇਸ ਨਾਲ ਕੱਚੇ ਮਾਲ ਦੀ ਥਾਂ ਮੁੱਲ-ਵਧਾਏ ਉਤਪਾਦਾਂ ਦੀ ਬਰਾਮਦ ਵਧੇਗੀ, ਕਿਸਾਨਾਂ ਨੂੰ ਵਧੇਰੇ ਮੁੱਲ ਮਿਲੇਗਾ ਅਤੇ ਪੰਜਾਬ ਵਿੱਚ ਰੁਜ਼ਗਾਰ ਤੇ ਆਮਦਨ ਦੇ ਨਵੇਂ ਸਰੋਤ ਪੈਦਾ ਹੋਣਗੇ।

## ਮੋਹਾਲੀ ਨੂੰ ਮਾਡਰਨ ਟੈਕਨੋਲਜੀ ਹੱਬ ਬਣਾਇਆ ਜਾਵੇਗਾ

ਮੋਹਾਲੀ ਵਿੱਚ ਬੰਗਲੌਰ ਵਰਗਾ ਸੂਚਨਾ ਤਕਨੀਕ ਅਤੇ ਸੈਮੀਕੰਡਕਟਰ ਹੱਬ ਬਣਨ ਦੀ ਪੂਰੀ ਸਮਰੱਥਾ ਹੈ, ਅਤੇ ਇਹ ਕੋਈ ਖਿਆਲੀ ਸੁਪਨਾ ਨਹੀਂ, ਸਗੋਂ ਇੱਕ ਵਾਰ ਸੱਚ ਹੋਣ ਦੇ ਬਹੁਤ ਨੇੜੇ ਪਹੁੰਚ ਚੁੱਕਾ ਇਤਿਹਾਸ ਵੀ ਹੈ। 1976 ਵਿੱਚ ਭਾਰਤ ਦਾ ਪਹਿਲਾ ਸੈਮੀਕੰਡਕਟਰ ਕਾਰਖ਼ਾਨਾ ਮੋਹਾਲੀ ਹੀ ਸਥਾਪਿਤ ਹੋਇਆ ਸੀ। ਸੈਮੀਕੰਡਕਟਰ ਕੰਪਲੈਕਸ ਲਿਮਟਿਡ (SCL) ਨੇ 1984 ਵਿੱਚ ਉਤਪਾਦਨ ਸ਼ੁਰੂ ਕੀਤਾ, ਅਤੇ ਉਸ ਸਮੇਂ ਭਾਰਤ ਦੀ ਚਿੱਪ ਤਕਨਾਲੋਜੀ ਦੁਨੀਆ ਦੇ ਵੱਡੇ ਖਿਡਾਰੀਆਂ ਤੋਂ ਸਿਰਫ਼ ਇੱਕ ਦੋ ਸਾਲ ਹੀ ਪਿੱਛੇ ਸੀ, ਜਦਕਿ ਅੱਜ ਦੇ ਮੋਹਰੀ ਖਿਡਾਰੀ ਤਾਈਵਾਨ ਅਤੇ ਚੀਨ ਇਸ ਦੌੜ ਵਿੱਚ ਹਾਲੇ ਸ਼ਾਮਲ ਵੀ ਨਹੀਂ ਹੋਏ ਸਨ। ਮੋਹਾਲੀ ਵਿਚ1964 ਤੋਂ ਚੱਲ ਰਹੀ ਕਾਂਟੀਨੈਂਟਲ ਡਿਵਾਈਸ ਇੰਡੀਆ ਲਿਮਿਟੇਡ (CDIL), ਭਾਰਤ ਦੀ ਸਭ ਤੋਂ ਪੁਰਾਣੀ ਸੈਮੀਕੰਡਕਟਰ ਕੰਪਨੀ, ਅਤੇ ਪੰਜਾਬ ਵਾਇਰਲੈੱਸ ਸਿਸਟਮਜ਼ ਲਿਮਟਿਡ (ਪੰਵਾਇਰ) ਵਰਗੀਆਂ ਕੰਪਨੀਆਂ ਵੀ ਇਹ ਸਾਬਤ ਕਰ ਚੁੱਕੀਆਂ ਹਨ ਕਿ ਪੰਜਾਬ ਕੋਲ ਤਕਨੀਕੀ ਨਿਰਮਾਣ ਦੀ ਪੁਰਾਣੀ ਬੁਨਿਆਦ ਪਹਿਲਾਂ ਤੋਂ ਮੌਜੂਦ ਹੈ। ਸਾਡੀ ਪਾਰਟੀ ਮੋਹਾਲੀ ਨੂੰ ਦੁਬਾਰਾ ਦੁਨੀਆਂ ਵਿਚ ਵਿਕਸਤ ਹੋ ਰਹੀਆਂ ਨਵੀਆਂ ਟੈਕਨੋਲੀਜੀਆਂ ਦੇ ਮੂਹਰਲੀ ਕਤਾਰ ਵਿਚ ਖੜਾ ਕਰੇਗੀ ਤੇ ਪੰਜਾਬ ਦੀ ਯੁਵਾ ਪੀੜੀ ਨੂੰ ਮਿਰਿਆ ਰੁਜਗਾਰ ਪ੍ਰਧਾਨ ਕਰੇਗੀ।

## ਕਾਰਬਨ ਲਾਭਾਂ ਅਤੇ ਜੰਗਲਾਤ ਤੋਂ ਨਵੇਂ ਮਾਲੀਏ ਦਾ ਮੌਕਾ

ਯੂਰਪੀ ਸੰਘ ਦੇ 'ਕਾਰਬਨ ਸਰਹੱਦੀ ਤਾਲਮੇਲ ਪ੍ਰਬੰਧ' ਵਰਗੇ ਸਖ਼ਤ ਨਿਯਮਾਂ ਕਾਰਨ ਕਾਰਬਨ ਛੱਡਣ ਵਾਲੇ ਉਦਯੋਗਾਂ ਲਈ ਕਾਰਬਨ ਕਰ ਤੋਂ ਬਚਣ ਵਾਸਤੇ ਵੱਧ ਤੋਂ ਵੱਧ ਰੁੱਖ ਲਗਾ ਕੇ ਕਾਰਬਨ ਦਾ ਅਸਰ ਖ਼ਤਮ ਕਰਨਾ ਲਾਜ਼ਮੀ ਹੋ ਰਿਹਾ ਹੈ। ਇਸੇ ਕਾਰਨ ਸੰਸਾਰ ਪੱਧਰ 'ਤੇ ਜੰਗਲਾਂ ਨੂੰ ਪੱਟੇ 'ਤੇ ਲੈਣ ਦੀ ਦੌੜ ਸ਼ੁਰੂ ਹੋ ਚੁੱਕੀ ਹੈ। ਇਸ ਦੀ ਵੱਡੀ ਮਿਸਾਲ ਸੰਯੁਕਤ ਅਰਬ ਅਮੀਰਾਤ ਦੀ ਕੰਪਨੀ ‘ਬਲੂ ਕਾਰਬਨ’ ਹੈ, ਜਿਸ ਨੇ ਕਾਰਬਨ ਲਾਭ ਹਾਸਲ ਕਰਨ ਲਈ ਲਾਈਬੇਰੀਆ ਦੇ ਲਗਭਗ ਦਸ ਫ਼ੀਸਦੀ ਅਤੇ ਜ਼ਿੰਬਾਬਵੇ ਦੇ ਕਰੀਬ ਵੀਹ ਫ਼ੀਸਦੀ ਜੰਗਲੀ ਰਕਬੇ ਦੀ ਸੰਭਾਲ ਅਤੇ ਵਿਕਾਸ ਲਈ ਵੱਡੇ ਸਮਝੌਤੇ ਕੀਤੇ ਹਨ।

ਪੰਜਾਬ ਕੋਲ ਵੀ ਇਹ ਮੌਕਾ ਹੈ ਕਿ ਉਹ ਆਪਣੀਆਂ ਗ਼ੈਰ-ਖੇਤੀਬਾੜੀ, ਬੰਜਰ ਅਤੇ ਸ਼ਿਵਾਲਿਕ ਪਹਾੜੀਆਂ ਦੀਆਂ ਸਰਕਾਰੀ ਜ਼ਮੀਨਾਂ ਨੂੰ ਸਖ਼ਤ ਵਾਤਾਵਰਨ ਨਿਯਮਾਂ ਅਧੀਨ ਵੱਡੇ ਵਪਾਰਕ ਅਦਾਰਿਆਂ ਨਾਲ ਰੁੱਖ ਲਗਾਉਣ ਅਤੇ ਜੰਗਲ ਵਿਕਾਸ ਦੀ ਸਾਂਝੇਦਾਰੀ ਵਿੱਚ ਲਿਆਵੇ। ਜੇ ਪੰਜਾਬ ਨੇ ਇਸ ਸੰਸਾਰਕ ਮੌਕੇ ਦਾ ਲਾਭ ਲੈਣ ਵਿੱਚ ਦੇਰੀ ਕੀਤੀ, ਤਾਂ ਓਡੀਸ਼ਾ, ਛੱਤੀਸਗੜ੍ਹ ਅਤੇ ਝਾਰਖੰਡ ਵਰਗੇ ਸੂਬੇ ਇਹ ਸਾਰਾ ਨਿਵੇਸ਼ ਖਿੱਚ ਕੇ ਲੈ ਜਾਣਗੇ। ਇਹ ਕਦਮ ਨਾ ਸਿਰਫ਼ ਪੰਜਾਬ ਦੇ ਘਟਦੇ ਜੰਗਲੀ ਰਕਬੇ ਨੂੰ ਮੁੜ ਹਰਿਆ-ਭਰਿਆ ਕਰੇਗਾ, ਸਗੋਂ ਸੂਬੇ ਦੇ ਖ਼ਜ਼ਾਨੇ ਲਈ ਬਿਨਾਂ ਕਿਸੇ ਕਰਜ਼ੇ ਦੇ ਗ਼ੈਰ-ਕਰ ਮਾਲੀਏ ਦਾ ਇੱਕ ਵੱਡਾ ਪੱਕਾ ਸਰੋਤ ਵੀ ਬਣ ਸਕਦਾ ਹੈ। ਸਾਡੀ ਪਾਰਟੀ ਇਸ ਸੰਬੰਧੀ ਪੰਜਾਬ ਦੇ ਹਿੱਤ ਨੂੰ ਮੁਖ ਰੱਖਕੇ ਫੈਸਲੇ ਲਵੇਗੀ।

## ਪੰਜਾਬ ਦੀਆਂ ਸਾਰੀਆਂ ਜਾਇਦਾਦਾਂ ਦਾ ਟੈਕਨੀਕਲ ਆਡਿਟ ਕਰਵਾਇਆ ਜਾਵੇਗਾ

ਪੰਜਾਬ ਦੀਆਂ ਸਾਰੀਆਂ ਜਾਇਦਾਦਾਂ ਦੀ ਓਪੱਟੀਮਮ ਵਰਤੋਂ ਕੀਤੀ ਜਾਵੇਗੀ। ਜਿਥੇ ਜਰੂਰਤ ਹੋਵੇਗੀ ਉਥੇ ਸਰਕਾਰੀ ਜਾਇਦਾਦ ਦੀ ਨਿਸ਼ਾਨ ਦੇਹੀ ਕਰਕੇ ਉਸਤੋਂ ਨਾਜਾਇਜ ਕਬਜੇ ਦੂਰ ਕੀਤੇ ਜਾਣਗੇ। ਨਦੀਆਂ ਨਾਲਿਆਂ ਦੀ ਜਮੀਨ ਤੇ ਕੀਤੇ ਭੂਮੀ ਮਾਫੀਆ ਵਲੋਂ ਕਬਜੇ ਸਖਤੀ ਨਾਲ ਖਤਮ ਕੀਤੇ ਜਾਣਗੇ।

ਪੰਜਾਬ ਦੀ ਆਰਥਿਕ ਸੁਧਾਰ ਯੋਜਨਾ ਇੱਕ ਦਿਨ ਦਾ ਕੰਮ ਨਹੀਂ, ਸਗੋਂ ਪੜਾਵਾਂ ਵਿਚ ਇਹ ਸਫਰ ਪੱਕੇ ਪੈਰੀਂ ਯੋਜਨਾ ਬੰਦ ਤਰੀਕੇ ਨਾਲ ਸ਼ੁਰੂ ਕੀਤਾ ਜਾਵੇਗਾ।

# ਮਨਰੇਗਾ ਜਾਂ ਮਜ਼ਦੂਰ ਸਨਮਾਨ ਯੋਜਨਾ

ਮਨਰੇਗਾ ’ਚ ਕੀਤਾ ਬਦਲਾਵ ਕਿਰਤੀ ਤੇ ਮਜਦੂਰ ਵਰਗ ਲਈ ਮਾੜਾ ਸਾਬਿਤ ਹੋਵੇਗਾ। ਇਸ ਦੀ ਪਹਿਲਾਂ ਵਾਲੀ ਸਥਿਤੀ ਬਹਾਲ ਕੀਤੀ ਜਾਵੇ। ਨਵਾਂ ਕਾਨੂੰਨ ਵਾਪਿਸ ਕਰਵਾਉਣ ਲਈ ਲੋਕਾਂ ਨੂੰ ਨਾਲ ਲੈਕੇ ਸਾਡੀ ਪਾਰਟੀ ਯਤਨ ਕਰੇਗੀ। ਜਿਨ੍ਹਾਂ ਚਿਰ ਮਨਰੇਗਾ ਵਿਚ ਕੇਂਦਰ ਸਰਕਾਰ ਪਹਿਲਾਂ ਵਾਲੀ ਸਥਿਤੀ ਬਹਾਲ ਨਹੀਂ ਕਰਦਾ ਤਾ ਉਹਨਾਂ ਚਿਰ ਸਾਡੀ ਪਾਰਟੀ ਪੰਜਾਬ ਸਾਂਝੀਵਾਲਤਾ ਦਲ ਮਜ਼ਦੂਰ ਸਨਮਾਨ ਯੋਜਨਾ ਚਲਾਏਗੀ ਤੇ ਇਸ ਲਈ 2500 ਕਰੋੜ ਰੁਪਏ ਖਰਚ ਕਰੇਗੀ।

ਪਿੰਡਾਂ ਵਿੱਚ ਬੇਰੁਜਗਾਰਾਂ ਲਈ ਮਨਰੇਗਾ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ। ਇਹ ਮੰਗ ਆਧਾਰਿਤ ਸੀ ਤੇ ਇਸ ਲਈ ਅਰਜੀ ਉਤੇ ਹੀ ਕੰਮ ਦਿੱਤਾ ਜਾ ਸਕਦਾ ਸੀ। ਪਰ ਇਸ ਨੂੰ ਮਨਮਰਜੀ ਨਾਲ ਚਲਾਇਆ ਜਾਂਦਾ ਰਿਹਾ ਹੈ। ਇਸ ਵਿਚ ਹੋ ਰਹੇ ਘੁਟਾਲਿਆ ਨੂੰ ਠੱਲ੍ਹ ਪਾਉਣ ਲਈ ਕੁੱਝ ਜ਼ਰੂਰੀ ਨੁਕਤੇ ਹਨ ਜਿਸਨੂੰ ਅਸੀਂ ਲਾਗੂ ਕਰਾਂਗੇ :

ਕੰਮ ਹਮੇਸ਼ਾ ਅਰਜੀ ਲਿਖ ਕੇ ਮੰਗਣਾ । ਅਰਜੀ ਮੇਟ, ਜੀ ਆਰ ਐਸ, ਸਰਪੰਚ ਅਤੇ BDPO ਦਫ਼ਤਰ ਕਿਤੇ ਵੀ ਦਿੱਤੀ ਜਾ ਸਕਦੀ ਹੈ। ਮੇਟ ਦੀ ਨਿਯੁਕਤੀ ਵਿਚ ਸਿਆਸੀ ਦਖ਼ਲ ਬੰਦ ਕੀਤਾ ਜਾਵੇਗਾ ਅਤੇ ਮਨਰੇਗਾ ਕਾਨੂੰਨ ਦੇ ਨਿਯਮਾਂ ਮੁਤਾਬਿਕ ਗ੍ਰਾਮ ਸਭਾ ਮੇਟ ਦੀ ਚੋਣ ਕਰੇਗੀ। ਅਰਜ਼ੀ ਪੋਰਟਲ ਤੇ ਰਜਿਸਟਰਡ ਹੋਵੇਗੀ ਤਾਂ ਜੋ ਪੰਦਰਾਂ ਦਿਨਾਂ ਵਿੱਚ ਕੰਮ ਮੁਹਈਆ ਕਰਾਇਆ ਜਾ ਸਕੇ। ਮਾਸਟਰ ਰੋਲ ਵਿਚ ਦਰਜ਼ ਮਨਰੇਗਾ ਲਾਭਪਾਤਰੀਆਂ ਦੇ ਨਾਮ ਦੀ ਹਾਜ਼ਰੀ ਪੱਕੀ ਲਗੇਗੀ। ਪੰਜਾਬ ਸਰਕਾਰ ਨੇ ਹਾਲੇ ਤੱਕ ਬੇਰੁਜ਼ਗਾਰ ਭੱਤੇ ਲਈ ਨਿਯਮ ਤੈਅ ਨਹੀ ਕੀਤੇ, ਉਹ ਵੀ ਤੈਅ ਕੀਤੇ ਜਾਣਗੇ।

ਇਹ ਕਿ ਮਨਰੇਗਾ ਦੁਆਰਾ ਹੋਈ ਕਮਾਈ ਦਾ 60 ਪ੍ਰਤੀਸ਼ਤ ਆਮਦਨ ਪਿੰਡ ਦੇ ਰੁੱਖਾਂ ਅਤੇ ਵਾਤਾਵਰਣ ਤੇ ਲੱਗਣਾ ਚਾਹੀਦਾ ਹੈ, ਪਿੰਡ ਦੇ ਸੂਝਵਾਨ ਲੋਕਾਂ ਨੂੰ ਬੇਨਤੀ ਕੀਤੀ ਜਾਵੇਗੀ ਕਿ ਉਹ ਇਸ ਸਕੀਮ ਨੂੰ ਇੰਨ-ਬਿੰਨ ਲਾਗੂ ਕਰਾਉਣ ਲਈ ਲਾਭਪਾਤਰੀਆਂ ਦੀ ਉਪਰੋਕਤ ਨੁਕਤਿਆਂ ਅਨੁਸਾਰ ਮਦਦ ਕਰਨ। ਜੇ ਇਹ ਸਕੀਮ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਾਉਣ ਲਈ ਪਿੰਡ ਦੀ ਪੰਚਾਇਤ ਸਿੱਧੇ ਤੌਰ ਤੇ ਜ਼ਿੰਮੇਵਾਰ ਹੁੰਦੀ ਹੈ। ਪਿੰਡ ਦੇ ਪੰਚਾਇਤ ਮਸਲਿਆਂ ਦੀਆਂ ਸਾਰੀਆਂ ਮੀਟਿੰਗਾਂ ਪੰਚਾਇਤ ਘਰ ਜਾਂ ਫੇਰ ਕਿਸੇ ਹੋਰ ਸਾਂਝੀ ਜਗ੍ਹਾ ਤੇ ਹੀ ਹੋਣ। ਕਈ ਵਾਰ ਪਿੰਡਾਂ ਵਿੱਚ ਗਲੀਆਂ ਨਾਲੀਆਂ ਦੀ ਮੁਰੰਮਤ ਲਈ ਗਰਾਂਟ ਆਉਂਦੀ ਹੈ ਪਰ ਉਹ ਗਰਾਂਟ ਕਈ ਵਾਰ ਜਿੱਥੇ ਲੱਗਣੀ ਹੁੰਦੀ ਹੈ ਉਥੇ ਨਹੀਂ ਲਗਦੀ ਸੋ ਇਸ ਦੀ ਪਾਰਦਰਸ਼ਤਾ ਲਈ ਹਰ ਇਕ ਗ੍ਰਾਂਟ ਦਾ ਵੇਰਵਾ ਕਿਸੇ ਸਾਂਝੀ ਜਗ੍ਹਾ ਜਿਵੇਂ ਪੰਚਾਇਤ ਘਰ, ਧਰਮਸ਼ਾਲਾ, ਸਰਕਾਰੀ ਸਕੂਲ ਆਦਿ ਦੇ ਖਾਸ ਨੋਟਿਸ ਬੋਰਡ ਤੇ ਲਿਖਿਆ ਜਾਵੇਗਾ। ਇਸ ਤੋਂ ਇਲਾਵਾ ਪਿੰਡ ਦੇ ਸਾਂਝੇ ਵਸੀਲਿਆਂ, ਰੋਜ਼ਗਾਰ, ਸਿੱਖਿਆ ਸਬੰਧੀ ਰਿਕਾਰਡ ਵੀ ਇਹਨਾ ਸਾਂਝੇ ਸਥਾਨਾਂ ਤੇ ਲਿਖੇ ਜਾਣਗੇ।

# ਸੰਘੀ ਢਾਂਚੇ (ਫੈਡਰਲ ਸਟਰੱਕਚਰ) ਦੀ ਬਹਾਲੀ

ਫੈਡੇਰਲਿਜਮ (ਵੱਧ ਅਧਿਕਾਰਾਂ) ਲਈ ਪੰਜਾਬ ਵਲੋਂ ਪਹਿਲ ਕੀਤੀ ਗਈ ਸੀ। ਇਹ ਕਿਸੇ ਤਣ-ਪੱਤਣ ਨਹੀਂ ਲੱਗੀ। ਇਸ ਦੇ ਉਲਟ ਇਹ ਹੋਇਆ ਹੈ ਕੀ ਕੇਂਦਰ ਨੇ ਸ਼ਕਤੀਆਂ ਦਾ ਹੋਰ ਕੇਂਦਰੀਕਰਨ ਕਰਕੇ ਆਪਣੇ ਆਪ ਵਧੇਰੇ ਸ਼ਕਤੀਸ਼ਾਲੀ ਤੇ ਰਾਜਾਂ ਨੂੰ ਕਮਜ਼ੋਰ ਕਰ ਦਿੱਤਾ ਹੈ। ਜੋ ਸੰਵਿਧਾਨ ਨੇ ਰਾਜਾਂ ਨੂੰ ਅਧਿਕਾਰ ਦਿੱਤਾ ਸੀ ਉਸ ਵਿਚੋਂ ਕੁਝ ਤਾਂ ਦੇਸ਼ ਲੱਗੀ ਐਮਰਜੇਂਸੀ ਵੇਲੇ ਖੋਹ ਲਿਆ ਸੀ। ਜੋ ਵਿਸ਼ੇ ਸੰਵਿਧਾਨ ਵਿਚ ਰਾਜਾਂ ਦੀ ਸੂਚੀ ਸਨ, ਉਹਨਾਂ ਨੂੰ ਸਾਂਝੀ ਸੂਚੀ ਵਿਚ ਸ਼ਾਮਿਲ ਕਰ ਲਿਆ ਸੀ। ਉਸ ਤੋਂ ਬਾਅਦ ਕੇਂਦਰ ਨੇ ਆਪਣੀਆਂ ਸ਼ਕਤੀਆਂ ਇਸ ਤਰ੍ਹਾਂ ਵਧਾਈਆਂ ਕਿ ਕੇਂਦਰ ਦੀ ਰਾਜਾਂ ਤੇ ਸਰਦਾਰੀ ਅਤੇ ਰਾਜਾਂ ਦੀ ਕੇਂਦਰ ’ਤੇ ਨਿਰਭਰਤਾ ਲਗਭਗ ਮੁਕੰਮਲ ਹੋ ਗਈ ਹੈ।

# ਸੰਵਿਧਾਨ ਦਾ ਰਾਜਾਂ ਦੇ ਅਧਿਕਾਰਾਂ ਨੂੰ ਲੈਕੇ 1950 ਵਾਲਾ ਰੁਤਬਾ ਬਹਾਲ ਕਰਾਉਣਾ

ਇਹ ਇੱਕ ਵੱਡੀ ਚਣੌਤੀ ਹੈ। ਪੰਜਾਬ ਸਾਂਝੀਵਾਲਤਾ ਦਲ ਫੈਡੇਰਲਿਜਮ ਦੀ ਬਹਾਲੀ ਲਈ ਹਰ ਸੰਭਵ ਯਤਨ ਕਰੇਗੀ ਤੇ ਦੇਸ਼ ਵਿਚ ਫੈਡੇਰਲਿਜਮ ਦੀਆਂ ਮੁਦਈ ਲੋਕਤੰਤਰਿਕ ਪਾਰਟੀਆਂ ਨਾਲ ਇਸ ਮੁਦੇ ਤੇ ਤਾਲ ਮੇਲ ਕਰੇਗੀ।

ਸੰਵਿਧਾਨ ਅਨੁਸਾਰ ਇੰਡੀਆ "union of states" ਜਿਸਦਾ ਸਾਫ ਮਤਲਬ ਕੇ ਦੇਸ਼ ਰਾਜਾਂ ਦਾ ਸਮੂਹ ਹੈ। ਉਹਨਾਂ ਦੇ ਸੰਵਿਧਾਨ ਦੁਆਰਾ ਦਿੱਤੇ ਅਧਿਕਾਰ ਤੇ ਸ਼ਕਤੀਆਂ ਹਨ ਜਾਂ ਸੀ। ਅਮਲੀ ਤੌਰ ਤੇ 1950 ਤੋਂ ਬਾਅਦ ਰਾਜਾਂ ਦੇ ਅਧਿਕਾਰਾਂ ਤੇ ਸ਼ਕਤੀਆਂ ਨੂੰ ਖੋਹਣ ਤੇ ਕੌਮੀ ਪੱਧਰ ਤੇ ਇਹਨਾਂ ਦੇ ਕੇਂਦਰੀਕਰਨ ਦੀ ਕਵਾਇਦ ਸ਼ੁਰੂ ਹੋ ਗਈ ਸੀ ਤੇ ਇਹ ਕਾਰਜ ਹੁਣ ਵਧੇਰੇ ਰਫਤਾਰ ਨਾਲ ਕੀਤਾ ਜਾ ਰਿਹਾ ਹੈ।

ਇਸ ਦੀਆਂ ਤਾਜ਼ਾ ਮਿਸਾਲਾਂ ਇਕ ਦੇਸ਼, ਇਕ ਚੋਣ ; ਇਕ ਦੇਸ਼ ਇਕ ਰਾਸ਼ਨ ਕਾਰਡ , ਯੂਨੀਫਾਰਮ ਸਿਵਲ ਕੋਡ ; ਇਕ ਟੈਕਸ ਪ੍ਰਣਾਲੀ, ਕੇਂਦਰੀ ਟੈਕਸ ਪੂਲ ਚੋਂ ਰਾਜਾਂ ਦੀ ਹਿੱਸੇਦਾਰੀ ਦਾ ਕੇਂਦਰ ਪੱਖੀ ਫਾਰਮੂਲਾ; ਸੈੱਸ ਤੋਂ ਇਕੱਠਾ ਕੀਤਾ ਪੈਸਾ ਕੇਂਦਰ ਵਲੋਂ ਰਾਜਾਂ ਨੂੰ ਨਾ ਵੰਡਣਾ, ਰਾਜਾਂ ਉਪਰ ਕਰਜ਼ੇ ਲੈਣ ਲਈ ਲਾਈਆਂ ਸ਼ਰਤਾਂ, ਕੇਂਦਰੀ ਏਜੇਂਸੀਆਂ ਦਾ ਰਾਜਾਂ ਵਿਚ ਵਧਦਾ ਦਖਲ; ਸਿਖਿਆ-ਨੀਤੀ, ਇਕ ਪੂਰੇ ਸੂਬੇ ਨੂੰ ਤੋੜਕੇ ਕੇਂਦਰੀ ਸ਼ਾਸ਼ਿਤ ਰਾਜ ਵਿਚ ਬਦਲਣਾ, ਰਾਜਾਂ ਦੇ ਅਹਿਮ ਵਿਭਾਗਾਂ ਜਿਵੇਂ ਕੇ ਪੰਚਾਇਤੀ ਰਾਜ ਵਿਭਾਗ, ਸਥਾਨਕ ਸਰਕਾਰਾਂ ਵਿਭਾਗ, ਸਹਿਕਾਰਤਾ ਵਿਭਾਗ ਵਿਚ ਕੇਂਦਰ ਦਾ ਸਿੱਧਾ ਦਾਖ਼ਲ, ਆਦਿ ਅਜਿਹੇ ਫੈਸਲੇ ਹਨ ਜਿਨ੍ਹਾਂ ਨੇ ਫੈਡਰਲ ਢਾਂਚੇ ਦੀਆਂ ਜੜਾਂ ਉਖੇੜ ਦਿੱਤੀਆਂ ਹਨ। ਇਸ ਤੋਂ ਇਲਾਵਾ ਪੰਜਾਬ ਦੇ ਵੀ ਕੌਮੀ ਮਸਲੇ ਜਿਵੇਂ ਕੇ ਪਾਣੀਆਂ ਦੀ ਵੰਡ, ਪੰਜਾਬੀ ਬੋਲਦੇ ਇਲਾਕੇ, ਰਾਜਧਾਨੀ ਚੰਡੀਗੜ੍ਹ ਅਤੇ ਹੋਰ ਅਜਿਹੇ ਮਸਲੇ ਹਨ ਜੋ ਚਿਰਾਂ ਤੋਂ ਲਟਕ ਰਹੇ ਹਨ। IAS, IPS ਕੈਡਰ ਦਾ ਰਾਜਾਂ ਤੇ ਵਧਦਾ ਬੋਝ , ਸੂਬੇ ਦਾ DGP ਲਾਉਣ ਲਈ ਕੇਂਦਰ ਦਾ ਦਖ਼ਲ ਆਦਿ ਰਾਜਾਂ ਦੇ ਅਧਿਕਾਰਾਂ ਵਿਚ ਸਿੱਧਾ ਦਖਲ ਹੈ।

# ਐਮਰਜੰਸੀ ਦੌਰਾਨ ਉਸ ਸਮੇਂ ਦੀ ਸਰਕਾਰ ਨੇ ਰਾਜਾਂ ਦੇ ਅਧਿਕਾਰ ਖੋਹੇ

ਦੇਸ਼ ਵਿਚ ਸੱਤਰਵਿਆਂ ਵਿਚ ਲਗਾਈ ਐਮਰਜੈਂਸੀ ਦੌਰਾਨ ਉਸ ਸਮੇਂ ਦੀ ਸਰਕਾਰ ਨੇ ਰਾਜਾਂ ਦੇ ਅਧਿਕਾਰਾਂ ਦੀ ਵੱਡੀ ਖੋਹ ਕੀਤੀ ਸੀ। ਉਸ ਸਮੇਂ ਸਿੱਖਿਆ ਤੇ ਕਈ ਮਹਤੱਵਪੂਰਨ ਵਿਸ਼ੇ ਰਾਜਾਂ ਦੀ ਸੂਚੀ 'ਚੋਂ ਸਾਂਝੀ ਸੁੱਚੀ ਵਿਚ ਸ਼ਾਮਿਲ ਕਰ ਲਏ ਗਏ ਸੀ। ਇਹਨਾਂ ਨੂੰ ਵਾਪਿਸ ਰਾਜਾਂ ਦੀ ਸੁੱਚੀ ਵਿਚ ਸ਼ਾਮਿਲ ਕਰਵਾਉਣ ਲਈ ਸਾਡੀ ਪਾਰਟੀ ਪੰਜਾਬ ਸਾਂਝੀਵਾਲਤਾ ਦਲ ਲੋਕਾਂ ਨੂੰ ਜਾਗ੍ਰਿਤ ਕਰੇਗੀ ਤੇ ਲੋਕਤੰਤਰਿਕ ਤਰੀਕੇ ਨਾਲ ਇਸਦੇ ਹੱਕ ਵਿੱਚ ਆਵਾਜ਼ ਬੁਲੰਦ ਕਰੇਗੀ।

ੳ ਸੰਵਿਧਾਨ ਦੀ ਮੂਲ ਭਾਵਨਾ ਦੇ ਅਨੁਸਾਰ ਫੈਡਰਲ ਢਾਂਚੇ ਦੀ ਬਹਾਲੀ ਕੀਤੀ ਜਾਵੇ।ਸੰਵਿਧਾਨ ਲਾਗੂ ਹੋਣ ਤੋਂ ਬਾਅਦ ਰਾਜਾਂ ਦੀਆਂ ਖੋਹੀਆਂ ਗਈਆਂ ਤਾਕਤਾਂ ਵਾਪਸ ਹੋਣ। ਦੇਸ਼ ਦੀ ਵੰਨ ਸੁਵੰਨਤਾ ਨੂੰ ਪ੍ਰਵਾਨ ਕਰਦਿਆਂ ਹਰ ਪੱਖ ਤੋਂ ਕਾਨੂੰਨੀ ਸੁਰੱਖਿਆ ਦਿੱਤੀ ਜਾਣੀ ਚਾਹੀਦੀ ਹੈ। ਰਾਜਾਂ ਨੂੰ ਮਜਬੂਤ ਕਰਨ ਦੇ ਪੱਖ ਤੋਂ ਫੈਡਰਲਿਜ਼ਮ ਨੂੰ ਅਮਰੀਕਾ ਦੀ ਤਰਜ਼ ਉੱਤੇ ਮਜ਼ਬੂਤ ਕਰਨਾ ਚਾਹੀਦਾ ਹੈ। ਇਸ ਨਿਸ਼ਾਨੇ ਦੀ ਪੂਰਤੀ ਲਈ ਪੰਜਾਬ ਨੂੰ ਅਗਵਾਈ ਕਰਨੀ ਚਾਹੀਦੀ ਹੈ। ਸਾਡੀ ਪਾਰਟੀ ਸੰਘੀ ਢਾਂਚੇ ਦੀ ਮਜ਼ਬੂਤੀ ਲਈ ਅਵਾਜ ਉਠਾ ਰਹੀਆਂ ਲੋਕਤੰਤਰਿਕ ਖੇਤਰੀ ਪਾਰਟੀਆਂ ਨੂੰ ਇੱਕ ਪਲੇਟਫਾਰਮ ਉੱਤੇ ਇਕੱਠੇ ਕਰਨ ਦਾ ਭਰਭੂਰ ਯਤਨ ਕਰੇਗੀ।

ਅ ਕੇਂਦਰ ਤੋਂ ਆਪਣੇ ਅਧਿਕਾਰ ਮੰਗਣਾ ਪਰ ਹੇਠਲੀਆਂ ਸੰਸਥਾਵਾਂ ਦੇ ਹੱਕ ਖੋਹਣਾ ਤਾਕਤਾਂ ਦਾ ਵਿਕੇਂਦਰੀਕਰਨ ਕਿਵੇਂ ਹੋਇਆ ? ਪੰਜਾਬ ਸਰਕਾਰ ਇਹੀ ਕੰਮ ਕਰ ਰਹੀ ਹੈ। ਇਸ ਲਈ ਸੰਵਿਧਾਨ ਦੀ 73ਵੀਂ ਸੋਧ ਨੂੰ ਲਾਗੂ ਕਰਕੇ 29 ਵਿਭਾਗਾਂ ਦਾ ਕੰਮ, ਕਾਮੇ ਅਤੇ ਵਿੱਤੀ ਪ੍ਰਬੰਧ ਪੰਚਾਇਤੀ ਰਾਜ ਸੰਸਥਾਵਾਂ ਦੇ ਹਵਾਲੇ ਕੀਤਾ ਜਾਵੇਗਾ। ਪੰਜਾਬ ਪੰਚਾਇਤੀ ਰਾਜ ਕਾਨੂੰਨ 1994 ਦੀਆਂ ਧਾਰਾਵਾਂ ਮੁਤਾਬਿਕ ਗ੍ਰਾਮ ਸਭਾ ਨੂੰ ਪੂਰੀ ਤਰ੍ਹਾਂ ਸਰਗਰਮ ਕਰਕੇ ਉਸ ਮੁਤਾਬਿਕ ਫੈਸਲੇ ਲੈਣ ਨੂੰ ਅਮਲ ਵਿੱਚ ਲਿਆਂਦਾ ਜਾਵੇਗਾ। ਇਸੇ ਤਰ੍ਹਾਂ 74ਵੀਂ ਸੰਵਿਧਾਨਕ ਸੋਧ ਨੂੰ ਲਾਗੂ ਕਰਦਿਆਂ ਸ਼ਹਿਰਾਂ ਅੰਦਰ 18 ਵਿਭਾਗਾਂ ਦਾ ਕੰਮ, ਕਾਮੇ ਅਤੇ ਬਜਟ ਸਥਾਨਕ ਸ਼ਹਿਰੀ ਸੰਸਥਾਵਾਂ ਨੂੰ ਦਿੱਤਾ ਜਾਵੇਗਾ। ਵਾਰਡ ਸਭਾਵਾਂ ਨੂੰ ਗ੍ਰਾਮ ਸਭਾਵਾਂ ਦੀ ਤਰਜ਼ ਉੱਤੇ ਅਧਿਕਾਰ ਦੇ ਕੇ ਸਰਗਰਮ ਕੀਤਾ ਜਾਵੇਗਾ।

ਬੀ ਐਸ ਐੱਫ ਨੂੰ ਰਾਜ ਵਿਚ ਸਰਹੱਦ ਤੋਂ 50 ਕਿਲੋਮੀਟਰ ਅੰਦਰ ਤਕ ਰੇਡ ਕਰਨ ਤੇ ਦਿੱਤੇ ਗਏ ਹੋਰ ਹੱਕ ਫੈਡਰਲ ਢਾਂਚੇ ਦੀ ਉਲੰਘਣਾ ਹਨ। ਇਸ ਨੂੰ ਖ਼ਤਮ ਕਰਵਾਉਣ ਲਈ ਪੰਜਾਬ ਸਾਂਝੀਵਾਲਤਾ ਦਲ ਲੋਕਤੰਤਰਿਕ ਢੰਗ ਨਾਲ ਅਵਾਜ਼ ਬੁਲੰਦ ਕਰੇਗੀ।

# ਦਮਨਕਾਰੀ ਕਾਨੂੰਨ (Oppressive Laws)

ਪੰਜਾਬ ਨੇ ਆਪਣੇ ਹੱਕਾਂ ਦੀ ਲੜਾਈ ਵਿੱਚ ਕਈ ਪੀੜ੍ਹੀਆਂ ਗੁਆਈਆਂ ਅਤੇ ਜ਼ਾਲਮਾਨਾ ਕਾਨੂੰਨਾਂ ਦਾ ਭਾਰੀ ਸੰਤਾਪ ਹੰਢਾਇਆ। ਜੋਕਿ ਖਾੜਕੂ ਲਹਿਰ ਨੂੰ ਦਬਾਉਣ ਲਈ ਬਣਾਏ ਗਏ ਸਨ, ਪਰ ਇਨ੍ਹਾਂ ਦੀ ਆੜ ਵਿੱਚ ਸਿਵਲ ਸਮਾਜ ਨੇ ਵੱਡੇ ਪੱਧਰ 'ਤੇ ਕਤਲੇਆਮ ਦੇਖਿਆ, ਜਿੱਥੇ ਮਨੁੱਖੀ ਅਧਿਕਾਰਾਂ ਦੀਆਂ ਧੱਜੀਆਂ ਉਡਾ ਦਿੱਤੀਆਂ ਗਈਆਂ; ਨਾਲ ਹੀ, ਆਪਣੀ ਹੋਂਦ ਅਤੇ ਬਚਾਅ ਲਈ ਲੰਬੇ ਸੰਘਰਸ਼ ਦੌਰਾਨ ਮਰਦਾਂ, ਔਰਤਾਂ ਅਤੇ ਬੱਚਿਆਂ ਵੱਲੋਂ ਦਿੱਤੀਆਂ ਗਈਆਂ ਅਣਗਿਣਤ ਕੁਰਬਾਨੀਆਂ ਨੇ ਪੰਜਾਬ ਦੇ ਇਤਿਹਾਸ ਵਿੱਚ ਇੱਕ ਖੂਨੀ ਅਧਿਆਏ ਅੰਕਿਤ ਕਰ ਦਿੱਤਾ। 'ਪੰਜਾਬ ਸਾਂਝੀਵਾਲਤਾ ਦਲ' ਇਨ੍ਹਾਂ ਜ਼ਾਲਮਾਨਾ ਅਤੇ ਸਖ਼ਤ ਕਾਨੂੰਨਾਂ ਵਿਰੁੱਧ ਕੇਂਦਰ ਨਾਲ ਲੜਕੇ ਖਤਮ ਕਰਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਹੇਠਾਂ ਅਜਿਹੇ ਦਮਨਕਾਰੀ ਕਾਨੂੰਨਾਂ ਦੀ ਸੂਚੀ ਦਿੱਤੀ ਗਈ ਹੈ:

## 1. ਅੱਤਵਾਦੀ ਅਤੇ ਵਿਘਨਕਾਰੀ ਗਤੀਵਿਧੀਆਂ (ਰੋਕਥਾਮ) ਐਕਟ, 1987, ਜਿਸਨੂੰ ਆਮ ਤੌਰ 'ਤੇ 'ਟਾਡਾ' (TADA) ਵਜੋਂ ਜਾਣਿਆ ਜਾਂਦਾ ਹੈ।

ਇਹ ਸਰਕਾਰ ਦੁਆਰਾ ਅੱਤਵਾਦੀ ਗਤੀਵਿਧੀਆਂ ਨੂੰ ਪਰਿਭਾਸ਼ਿਤ ਕਰਨ ਅਤੇ ਉਨ੍ਹਾਂ ਦਾ ਮੁਕਾਬਲਾ ਕਰਨ ਲਈ ਬਣਾਇਆ ਗਿਆ ਪਹਿਲਾ ਅੱਤਵਾਦ-ਵਿਰੋਧੀ ਕਾਨੂੰਨ ਸੀ, ਜੋ ਪੰਜਾਬ ਵਿੱਚ ਚੱਲ ਰਹੀ ਬਗਾਵਤ ਦੌਰਾਨ ਰਾਜੀਵ ਗਾਂਧੀ ਅਤੇ ਪੀ.ਵੀ. ਨਰਸਿਮਹਾ ਰਾਓ ਦੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ (1985 ਤੋਂ 1995 ਦੇ ਵਿਚਕਾਰ, ਅਤੇ 1987 ਵਿੱਚ ਇਸ ਵਿੱਚ ਸੋਧ ਕੀਤੀ ਗਈ ਸੀ) ਪੂਰੇ ਭਾਰਤ ਵਿੱਚ ਲਾਗੂ ਰਿਹਾ।

ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਇਸ ਕਾਨੂੰਨ ਦੀ ਭਾਰੀ ਆਲੋਚਨਾ ਕੀਤੀ ਗਈ ਕਿਉਂਕਿ ਇਸ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੀਆਂ ਵਿਵਸਥਾਵਾਂ ਸ਼ਾਮਲ ਸਨ ਅਤੇ ਇਸਦੀ ਸ਼ਰੇਆਮ ਦੁਰਵਰਤੋਂ ਕੀਤੀ ਗਈ ਸੀ।

ਅੰਤ ਵਿੱਚ TADA (ਟਾਡਾ) ਕਾਨੂੰਨ ਨੂੰ ਰੱਦ ਕਰ ਦਿੱਤਾ ਗਿਆ ਅਤੇ ਇਸ ਦੀ ਥਾਂ 'ਤੇ 'ਪ੍ਰੀਵੈਂਸ਼ਨ ਆਫ਼ ਟੈਰੋਰਿਸਟ ਐਕਟੀਵਿਟੀਜ਼ ਐਕਟ' (2002-2004) ਲਾਗੂ ਕੀਤਾ ਗਿਆ; ਬਾਅਦ ਵਿੱਚ ਬਹੁਤ ਵਿਵਾਦਾਂ ਤੋਂ ਬਾਅਦ ਇਸ ਨਵੇਂ ਕਾਨੂੰਨ ਨੂੰ ਵੀ ਰੱਦ ਕਰ ਦਿੱਤਾ ਗਿਆ। ਫਿਰ ਵੀ, ਬਹੁਤ ਸਾਰੇ ਲੋਕ ਅਜੇ ਵੀ TADA ਤਹਿਤ ਹਿਰਾਸਤ ਵਿੱਚ ਹਨ।

## 2. ਅੱਤਵਾਦੀ ਗਤੀਵਿਧੀਆਂ ਦੀ ਰੋਕਥਾਮ ਐਕਟ (2002-2004), ਜਿਸਨੂੰ POTA (ਪੋਟਾ) ਵਜੋਂ ਵੀ ਜਾਣਿਆ ਜਾਂਦਾ ਹੈ।

ਅੱਤਵਾਦ ਰੋਕੂ ਐਕਟ, 2002 (POTA) ਭਾਰਤ ਦੀ ਸੰਸਦ ਦੁਆਰਾ 2002 ਵਿੱਚ ਅਟਲ ਬਿਹਾਰੀ ਵਾਜਪਾਈ ਸਰਕਾਰ ਦੇ ਕਾਰਜਕਾਲ ਦੌਰਾਨ ਪਾਸ ਕੀਤਾ ਗਿਆ ਸੀ, TADA ਵਾਂਗ, ਇਸ ਕਾਨੂੰਨ ਵਿੱਚ ਵੀ ਇਹ ਵਿਵਸਥਾ ਸੀ ਕਿ ਕਿਸੇ ਸ਼ੱਕੀ ਵਿਅਕਤੀ ਨੂੰ ਅਦਾਲਤ ਵਿੱਚ ਚਾਰਜਸ਼ੀਟ ਦਾਖਲ ਕੀਤੇ ਬਿਨਾਂ 180 ਦਿਨਾਂ ਤੱਕ ਹਿਰਾਸਤ ਵਿੱਚ ਰੱਖਿਆ ਜਾ ਸਕਦਾ ਸੀ।

ਇਸ ਕਾਨੂੰਨ ਨੂੰ 21 ਸਤੰਬਰ 2004 ਨੂੰ 'ਪ੍ਰੀਵੈਂਸ਼ਨ ਆਫ਼ ਟੈਰਰਿਜ਼ਮ (ਰਿਪੀਲ) ਆਰਡੀਨੈਂਸ, 2004' ਦੁਆਰਾ ਰੱਦ ਕਰ ਦਿੱਤਾ ਗਿਆ ਸੀ[13], ਜਿਸਦੀ ਬਾਅਦ ਵਿੱਚ 'ਪ੍ਰੀਵੈਂਸ਼ਨ ਆਫ਼ ਟੈਰਰਿਜ਼ਮ (ਰਿਪੀਲ) ਐਕਟ, 2004' (ਜਿਸਨੂੰ 21 ਦਸੰਬਰ 2004 ਨੂੰ ਮਨਜ਼ੂਰੀ ਮਿਲੀ ਸੀ) ਦੁਆਰਾ ਥਾਂ ਲਈ ਗਈ।

## 3. ਰਾਸ਼ਟਰੀ ਸੁਰੱਖਿਆ ਐਕਟ (Rashtriya Suraksha Adhiniyam - ਉਰਫ਼ 'ਰਾਸੁਕਾ'), 1980:

ਰਾਸ਼ਟਰੀ ਸੁਰੱਖਿਆ ਐਕਟ, ਇੰਦਰਾ ਗਾਂਧੀ ਸਮੇਂ 1980 ਭਾਰਤੀ ਸੰਸਦ ਦਾ ਇੱਕ ਕਾਨੂੰਨ ਹੈ ਜੋ 23 ਸਤੰਬਰ 1980 ਨੂੰ ਲਾਗੂ ਕੀਤਾ ਗਿਆ ਸੀ। ਇਸ ਦਾ ਉਦੇਸ਼ "ਕੁਝ ਖਾਸ ਮਾਮਲਿਆਂ ਵਿੱਚ ਰੋਕਥਾਮਯੋਗ ਨਜ਼ਰਬੰਦੀ (preventive detention) ਅਤੇ ਇਸ ਨਾਲ ਜੁੜੇ ਮਾਮਲਿਆਂ ਲਈ ਵਿਵਸਥਾ ਕਰਨਾ" ਹੈ। ਇਹ ਕਾਨੂੰਨ ਪੂਰੇ ਭਾਰਤ ਵਿੱਚ ਲਾਗੂ ਹੁੰਦਾ ਹੈ। ਇਹ ਕਾਨੂੰਨ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਅਧਿਕਾਰ ਦਿੰਦਾ ਹੈ ਕਿ ਉਹ ਕਿਸੇ ਵਿਅਕਤੀ ਨੂੰ ਨਜ਼ਰਬੰਦ ਕਰ ਸਕਦੀਆਂ ਹਨ ਜੇਕਰ ਅਜਿਹਾ ਕਰਨਾ ਭਾਰਤ ਦੀ ਸੁਰੱਖਿਆ, ਵਿਦੇਸ਼ੀ ਦੇਸ਼ਾਂ ਨਾਲ ਭਾਰਤ ਦੇ ਸਬੰਧਾਂ, ਜਨਤਕ ਵਿਵਸਥਾ ਬਣਾਈ ਰੱਖਣ, ਜਾਂ ਭਾਈਚਾਰੇ ਲਈ ਜ਼ਰੂਰੀ ਸਪਲਾਈ ਅਤੇ ਸੇਵਾਵਾਂ ਨੂੰ ਕਾਇਮ ਰੱਖਣ ਦੇ ਵਿਰੁੱਧ ਕੋਈ ਕਾਰਵਾਈ ਕਰਨ ਤੋਂ ਉਸਨੂੰ ਰੋਕਣ ਲਈ ਜ਼ਰੂਰੀ ਹੋਵੇ।

## 4. ਜਨਤਕ ਸੁਰੱਖਿਆ ਕਾਨੂੰਨ (Public Safety Act - PSA)

ਜਨਤਕ ਸੁਰੱਖਿਆ ਕਾਨੂੰਨ (PSA) ਇੱਕ ਅਜਿਹਾ ਕਾਨੂੰਨ ਹੈ ਜਿਸਦੀ ਵਰਤੋਂ ਕਸ਼ਮੀਰ ਵਿੱਚ "ਸ਼ੱਕੀ ਅੱਤਵਾਦੀਆਂ" ਨੂੰ ਰੋਕਥਾਮ ਵਾਲੀ ਹਿਰਾਸਤ (preventive detention) ਵਿੱਚ ਲੈਣ ਲਈ ਅੰਨ੍ਹੇਵਾਹ ਕੀਤੀ ਗਈ ਹੈ, PSA ਨੂੰ "ਕਾਨੂੰਨ-ਹੀਣ ਕਾਨੂੰਨ" (lawless law) ਕਿਹਾ ਗਿਆ ਹੈ ਕਿਉਂਕਿ ਇਸਦੀ ਵਰਤੋਂ ਮਨਮਾਨੇ ਢੰਗ ਨਾਲ ਕੀਤੀ ਜਾਂਦੀ ਹੈ। 500 ਤੋਂ ਵੱਧ PSA ਹਿਰਾਸਤ ਦੇ ਹੁਕਮ ਜਾਰੀ ਕੀਤੇ ਗਏ ਸਨ। ਮਨੁੱਖੀ ਅਧਿਕਾਰ ਕਾਰਕੁਨ ਖੁਰਰਮ ਪਰਵੇਜ਼ ਦੀ ਗ੍ਰਿਫ਼ਤਾਰੀ ਇਸ ਕਾਨੂੰਨ ਦੀ ਮਨਮਾਨੀ ਪ੍ਰਕਿਰਤੀ ਨੂੰ ਸਭ ਤੋਂ ਵਧੀਆ ਢੰਗ ਨਾਲ ਦਰਸਾਉਂਦੀ ਹੈ।

## 5. ਦੇਸ਼-ਧ੍ਰੋਹ (Sedition):

ਦੇਸ਼-ਧ੍ਰੋਹ ਦਾ ਅਪਰਾਧ BNS ਦੀ ਧਾਰਾ 152 ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਉਪਬੰਧ ਦੀ ਸ਼ੁਰੂਆਤ ਇੰਡੀਅਨ ਪੀਨਲ ਕੋਡ, 1860 (IPC) ਦੀ ਧਾਰਾ 124-A ਤੋਂ ਹੋਈ ਸੀ। ਦੇਸ਼-ਧ੍ਰੋਹ ਦਾ ਅਪਰਾਧ ਅਸਲ ਵਿੱਚ 1870 ਵਿੱਚ ਬ੍ਰਿਟਿਸ਼ ਸਰਕਾਰ ਦੁਆਰਾ ਮਹਾਰਾਣੀ ਜਾਂ ਤਾਜ (Crown) ਪ੍ਰਤੀ ਨਫ਼ਰਤ, ਅਪਮਾਨ ਜਾਂ ਅਸੰਤੁਸ਼ਟੀ ਦੀਆਂ ਕਾਰਵਾਈਆਂ ਨੂੰ ਸਜ਼ਾ ਦੇਣ ਲਈ ਸ਼ੁਰੂ ਕੀਤਾ ਗਿਆ ਸੀ। ਹਾਲਾਂਕਿ IPC ਦੀ ਧਾਰਾ 124-A ਦੇ ਤਹਿਤ ਦੇਸ਼-ਧ੍ਰੋਹ ਦੇ ਅਪਰਾਧ ਨੂੰ BNS ਵਿੱਚ ਖਤਮ ਕਰ ਦਿੱਤਾ ਗਿਆ ਹੈ, ਪਰ ਸੰਸਦ ਵਿੱਚ ਕਾਨੂੰਨ ਨਿਰਮਾਤਾਵਾਂ ਦੁਆਰਾ ਧਾਰਾ 152 ਵਿੱਚ ਇੱਕ ਨਵਾਂ ਉਪਬੰਧ ਲਿਆਂਦਾ ਗਿਆ ਹੈ ਜਿਸਦੀ ਸ਼ਬਦਾਵਲੀ ਕਾਫ਼ੀ ਹੱਦ ਤੱਕ ਮਿਲਦੀ-ਜੁਲਦੀ ਹੈ। ਇਹ ਉਹਨਾਂ ਕਾਰਵਾਈਆਂ ਜਾਂ ਕੋਸ਼ਿਸ਼ਾਂ ਨੂੰ ਅਪਰਾਧ ਮੰਨਦਾ

ਹੈ ਜੋ ਵੱਖਵਾਦ, ਹਥਿਆਰਬੰਦ ਬਗਾਵਤ, ਜਾਂ ਵਿਨਾਸ਼ਕਾਰੀ ਗਤੀਵਿਧੀਆਂ ਨੂੰ ਭੜਕਾਉਂਦੀਆਂ ਹਨ, ਜਾਂ ਵੱਖਵਾਦੀ ਭਾਵਨਾਵਾਂ ਨੂੰ ਉਤਸ਼ਾਹਿਤ ਕਰਦੀਆਂ ਹਨ ਜੋ ਦੇਸ਼ ਦੀ ਸਥਿਰਤਾ ਲਈ ਖਤਰਾ ਪੈਦਾ ਕਰਦੀਆਂ ਹਨ।

ਪਹਿਲੀ ਨਜ਼ਰੇ ਇਹ ਜਾਪਦਾ ਹੈ ਕਿ ਇਸ ਉਪਬੰਧ ਨੇ IPC ਦੀ ਧਾਰਾ 124A ਨੂੰ ਮੁੜ ਲਾਗੂ ਕਰ ਦਿੱਤਾ ਹੈ, ਹਾਲਾਂਕਿ, ਇਹ ਅਸਪਸ਼ਟ ਹੈ ਕਿ ਦੋਵਾਂ ਉਪਬੰਧਾਂ ਵਿੱਚੋਂ ਕਿਹੜਾ ਵਧੇਰੇ ਸਖ਼ਤ ਹੈ।

BNS ਦੀ ਧਾਰਾ 113 ਅਤੇ UAPA ਲਗਭਗ ਇੱਕੋ ਜਿਹੇ ਸ਼ਬਦਾਂ ਵਿੱਚ ਅੱਤਵਾਦੀ ਕਾਰਵਾਈ ਨੂੰ ਪਰਿਭਾਸ਼ਿਤ ਕਰਦੇ ਹਨ, ਇਸ ਲਈ ਇਹਨਾਂ ਵਿਚਕਾਰ ਅੰਤਰ ਮੁੱਖ ਤੌਰ 'ਤੇ ਪ੍ਰਕਿਰਿਆ ਦਾ ਹੈ, ਨਾ ਕਿ ਅਸਲ ਵਿਸ਼ਾ-ਵਸਤੂ ਦਾ। ਸੁਪਰਡੈਂਟ ਆਫ਼ ਪੁਲਿਸ (SP) ਦੇ ਰੈਂਕ ਦਾ ਅਧਿਕਾਰੀ ਇਹ ਫੈਸਲਾ ਕਰਦਾ ਹੈ ਕਿ FIR ਇਹਨਾਂ ਦੋਵਾਂ ਵਿੱਚੋਂ ਕਿਸ ਕਾਨੂੰਨ ਦੇ ਤਹਿਤ ਦਰਜ ਕੀਤੀ ਜਾਵੇਗੀ।

## ਹੱਲ:

ਉੱਪਰ ਦੱਸੇ ਗਏ ਕਾਨੂੰਨਾਂ ਦੀ ਵਰਤੋਂ ਘੱਟ ਅਤੇ ਉਨ੍ਹਾਂ ਨੂੰ ਲਾਗੂ ਕਰਨ ਵਾਲੀਆਂ ਏਜੰਸੀਆਂ ਦੁਆਰਾ ਦੁਰਵਰਤੋਂ ਵੱਧ ਕੀਤੀ ਜਾਂਦੀ ਹੈ, ਜਿਸ ਕਾਰਨ ਭਾਰਤ ਦੇ ਸੰਵਿਧਾਨ ਵਿੱਚ ਦਰਜ ਮੌਲਿਕ ਅਧਿਕਾਰਾਂ ਦੀ ਉਲੰਘਣਾ ਹੋਈ ਹੈ। ਇਨ੍ਹਾਂ ਕਾਨੂੰਨਾਂ ਨੇ ਮਨਮਾਨੀ ਅਤੇ ਜ਼ੁਲਮ ਨੂੰ ਜਨਮ ਦਿੱਤਾ ਹੈ, ਜੋ ਕਿ ਬਹੁਤ ਹੀ ਖਾਮੋਸ਼ ਅਤੇ ਸ਼ੋਸ਼ਣਕਾਰੀ ਹੈ। ਇਨ੍ਹਾਂ ਵਿੱਚੋਂ ਬਹੁਤੇ ਕਾਨੂੰਨ ਸੰਵਿਧਾਨ ਦੀ ਧਾਰਾ 21 ਅਤੇ 19 ਨਾਲ ਸਿੱਧੇ ਟਕਰਾਅ ਵਿੱਚ ਹਨ। ਸਮੇਂ ਦੇ ਨਾਲ ਇਨ੍ਹਾਂ ਨੂੰ ਲਾਗੂ ਕਰਨ ਤੋਂ ਬਾਅਦ, ਇਨ੍ਹਾਂ ਦਾ ਨਕਾਰਾਤਮਕ ਪੱਖ ਸਾਹਮਣੇ ਆਇਆ ਜਿਸ ਨੂੰ ਬੁੱਧੀਜੀਵੀਆਂ, ਕਾਨੂੰਨ ਘਾੜਿਆਂ, ਨਿਆਂਪਾਲਿਕਾ, ਕਾਨੂੰਨ ਮਾਹਿਰਾਂ ਅਤੇ ਸਮਾਜ ਨੇ ਵੱਡੇ ਪੱਧਰ 'ਤੇ ਪਛਾਣਿਆ ਅਤੇ ਮਹਿਸੂਸ ਕੀਤਾ।

ਇਹ ਰਾਜ ਸਰਕਾਰਾਂ, ਪੁਲਿਸ ਅਤੇ ਨਿਆਂਪਾਲਿਕਾ ਲਈ ਇੱਕ ਚੇਤਾਵਨੀ ਹੈ। ਦੇਸ਼-ਧ੍ਰੋਹ (ਸੈਡੀਸ਼ਨ) ਦੇ ਕਾਨੂੰਨ ਦੀ ਅੰਨ੍ਹੇਵਾਹ ਦੁਰਵਰਤੋਂ ਅਤੇ ਗਲਤ ਵਰਤੋਂ - ਜਿਸ ਰਾਹੀਂ ਪੱਤਰਕਾਰਾਂ, ਕਾਰਕੁਨਾਂ, ਕਲਾਕਾਰਾਂ, ਲੇਖਕਾਂ ਅਤੇ ਬੁੱਧੀਜੀਵੀਆਂ ਸਮੇਤ ਜੀਵਨ ਦੇ ਹਰ ਵਰਗ ਦੇ ਲੋਕਾਂ ਨੂੰ ਉਲਝਾਇਆ ਜਾਂਦਾ ਹੈ - ਨੂੰ ਬੰਦ ਕੀਤਾ ਜਾਣਾ ਚਾਹੀਦਾ ਹੈ। ਇਸ ਕਾਨੂੰਨ ਬਾਰੇ ਕਾਨੂੰਨੀ ਸਥਿਤੀ ਭਾਰਤ ਦੀ ਆਜ਼ਾਦੀ ਦੇ 15 ਸਾਲਾਂ ਬਾਅਦ ਸਪੱਸ਼ਟ ਕੀਤੀ ਗਈ ਸੀ। ਕੇਦਾਰ ਨਾਥ ਫੈਸਲੇ ਵਿੱਚ, ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਸੀ ਕਿ ਕਥਿਤ ਤੌਰ 'ਤੇ ਦੇਸ਼-ਧ੍ਰੋਹ ਵਾਲੇ ਭਾਸ਼ਣ ਅਤੇ ਪ੍ਰਗਟਾਵੇ ਲਈ ਸਿਰਫ਼ ਉਦੋਂ ਹੀ ਸਜ਼ਾ ਦਿੱਤੀ ਜਾ ਸਕਦੀ ਹੈ ਜੇਕਰ ਉਹ ਭਾਸ਼ਣ "ਹਿੰਸਾ" ਜਾਂ "ਜਨਤਕ ਅਸ਼ਾਂਤੀ" ਲਈ "ਉਕਸਾਵਾ" ਹੋਵੇ।

A. ਜੇਕਰ ਵਿਸ਼ੇਸ਼ ਕਾਨੂੰਨ ਅਤੇ BNS (ਭਾਰਤੀ ਨਿਆ ਸੰਹਿਤਾ) ਦੀਆਂ ਵਿਵਸਥਾਵਾਂ ਆਪਸ ਵਿੱਚ ਟਕਰਾਉਂਦੀਆਂ ਹਨ (ਓਵਰਲੈਪ ਹੁੰਦੀਆਂ ਹਨ), ਤਾਂ ਰਾਜ ਸਰਕਾਰ ਇਨ੍ਹਾਂ ਨੂੰ ਲਾਗੂ ਕਰਨ ਲਈ ਨਿਯਮ ਬਣਾ ਸਕਦੀ ਹੈ।

B. ਆਮ ਕਾਨੂੰਨ ਦੇ ਮੁਕਾਬਲੇ ਵਿਸ਼ੇਸ਼ ਕਾਨੂੰਨ ਦੀ ਪ੍ਰਮੁੱਖਤਾ ਹੁੰਦੀ ਹੈ ਅਤੇ ਲਾਗੂ ਕਰਨ ਵਾਲੀਆਂ ਏਜੰਸੀਆਂ ਇਸਨੂੰ ਜਾਇਜ਼ ਢੰਗ ਨਾਲ ਲਾਗੂ ਕਰਦੀਆਂ ਹਨ; ਹਾਲਾਂਕਿ, ਰਾਜ ਨਾਗਰਿਕਾਂ ਦੇ ਹਿੱਤਾਂ ਅਤੇ ਮੌਲਿਕ ਅਧਿਕਾਰਾਂ ਦੀ ਰਾਖੀ ਲਈ ਇਸ ਸੰਦਰਭ ਵਿੱਚ ਦਿਸ਼ਾ-ਨਿਰਦੇਸ਼ ਜਾਰੀ ਕਰ ਸਕਦਾ ਹੈ। ਕਿਉਂਕਿ ਜਦੋਂ ਵਿਸ਼ੇਸ਼ ਕਾਨੂੰਨ ਲਾਗੂ ਕੀਤੇ ਗਏ, ਤਾਂ ਉਨ੍ਹਾਂ ਨੇ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਕੀਤੀ ਅਤੇ ਸਮਾਜ ਦੇ ਹਰ ਕੋਨੇ ਤੋਂ ਆਲੋਚਨਾ ਸਹੇੜੀ।

C. BNS ਦੀ ਧਾਰਾ 113 ਅਤੇ UAPA ਲਗਭਗ ਇੱਕੋ ਜਿਹੇ ਸ਼ਬਦਾਂ ਵਿੱਚ ਅੱਤਵਾਦੀ ਕਾਰਵਾਈ ਨੂੰ ਪਰਿਭਾਸ਼ਤ ਕਰਦੇ ਹਨ ਅਤੇ ਮੂਲ ਰੂਪ ਵਿੱਚ ਸਮਾਨ ਹਨ, ਪਰ ਉਨ੍ਹਾਂ ਦੀ ਪ੍ਰਕਿਰਿਆ ਵੱਖਰੀ ਹੈ। ਪੁਲਿਸ ਸੁਪਰਡੈਂਟ (SP) ਰੈਂਕ ਦਾ ਅਧਿਕਾਰੀ ਇਹ ਫੈਸਲਾ ਕਰਦਾ ਹੈ ਕਿ FIR ਇਹਨਾਂ ਵਿੱਚੋਂ ਕਿਸ ਕਾਨੂੰਨ ਦੇ ਤਹਿਤ ਦਰਜ ਕੀਤੀ ਜਾਵੇਗੀ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਬੰਧੀ ਪੰਜਾਬ ਸਾਂਝੀਵਾਲਤਾ ਦਲ ਦੀ ਵਚਨਬੱਧਤਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਨੀਆ ਦੇ ਇਤਿਹਾਸ ਵਿੱਚ ਧਾਰਮਿਕ ਸਥਾਨਾਂ ਦਾ ਲੋਕਤਾਂਤਰਿਕ ਢੰਗ ਨਾਲ ਪ੍ਰਬੰਧ ਚਲਾਉਣ ਵਾਲੀ ਪਹਿਲੀ ਸੰਸਥਾ ਹੈ। ਜਿਸਦੀ ਸਥਾਪਨਾ ਸਾਲ 1925 ਵਿੱਚ ਕੀਤੀ ਗਈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ 1925 ਉਸ ਸਮੇਂ ਦੀ ਪੰਜਾਬ ਲੈਜਿਸਲੇਟਿਵ ਅਸੈਂਬਲੀ ਵਲੋਂ ਪਾਸ ਕੀਤਾ ਗਿਆ। ਉਸ ਸਮੇਂ ਉਕਤ ਐਕਟ, ਸਟੇਟ ਐਕਟ ਸੀ, ਪਰ 1966 ਵਿੱਚ ਪੰਜਾਬ ਦੀ ਵੰਡ ਹੋਣ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ 1925 ਨੂੰ ਸੈਂਟਰਲ ਐਕਟ ਬਣਾ ਦਿੱਤਾ ਗਿਆ।

ਲੋਕਤੰਤਰ ਵਿੱਚ ਨਿਯਮਤ ਚੋਣਾ (PERIODICAL ELECTIONS) ਲੋਕਤੰਤਰ ਦੀ ਜਿੰਦ ਜਾਨ ਮੰਨੀਆਂ ਜਾਂਦੀਆਂ ਹਨ। ਭਾਰਤ ਦੇ ਸਵਿਧਾਨ ਦੇ ਮੁਤਾਬਕ ਲੋਕਤਾਂਤਰਿਕ ਸੰਸਥਾਵਾਂ ਦੀ ਚੋਣ ਹਰ ਪੰਜ ਸਾਲ ਜਾਂ ਸਦਨ ਦੇ ਭੰਗ ਹੋਣ ਤੋਂ ਬਾਅਦ ਹੋਣੀਆਂ ਜਰੂਰੀ ਹਨ। ਪਰ ਕੇਂਦਰ ਦੀ ਸਰਕਾਰ ਵਲੋਂ ਸਿੱਖਾਂ ਦੇ ਧਾਰਮਿਕ ਮਸਲਿਆ ਵਿੱਚ ਦਖਲ ਅੰਦਾਜੀ ਦੀ ਨੀਯਤ ਨਾਲ, ਇਹ ਚੋਣਾ ਨਿਯਮਤ ਸਮੇਂ ਅੰਦਰ ਨਹੀਂ ਕਰਵਾਈਆਂ ਜਾ ਰਹੀਆਂ। ਜਿਸ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਿੱਚ ਭ੍ਰਿਸ਼ਟਾਚਾਰ ਅਤੇ ਗੁਰੂ ਦੇ ਸਿਧਾਂਤ ਦੇ ਉਲਟ ਮਨਮਤ ਦੀਆਂ ਕਾਰਵਾਈਆਂ ਲਗਾਤਾਰ ਹੋ ਰਹੀਆਂ ਹਨ। ਜਿਸ ਕਰਕੇ ਸਿੱਖ ਪੰਥ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਮੌਜੂਦਾ ਸਮੇਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚੋਂ ਦਿੱਲੀ ਅਤੇ ਹਰਿਆਣਾ ਦੀਆਂ ਅਲੱਗ ਕਮੇਟੀਆਂ ਬਣ ਗਈਆ ਹਨ। ਹੁਣ ਕੇਵਲ ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੀਆਂ ਦੋ ਸੀਟਾਂ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾ ਦਾ ਕੰਟਰੋਲ ਕੇਂਦਰ ਦੇ ਹੱਥ ਵਿੱਚ ਹੈ। ਅਸੀਂ ਪੰਜਾਬ ਵਿੱਚ ਪੰਜਾਬ ਸਾਂਝੀਵਾਲਤਾ ਦੱਲ ਦੀ ਸਰਕਾਰ ਬਨਣ ਉਪਰੰਤ, ਉਕਤ ਐਕਟ ਨੂੰ ਮੁੜ ਸਟੇਟ ਐਕਟ ਬਣਾਵਾਉਣ ਲਈ ਮਤਾ ਪਾਕੇ ਕੇਂਦਰ ਨੂੰ ਭੇਜਾਂਗੇ ਅਤੇ ਇਸ ਕਾਰਜ ਲਈ ਹਰ ਸੰਘਰਸ਼ ਮੂਹਰੇ ਹੋਕੇ ਲੜਾਂਗੇ ਤੇ ਲਾਗੂ ਹੋਣ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾ ਨੂੰ ਨਿਯਮਤ ਰੂਪ ਵਿੱਚ ਪੰਜ ਸਾਲਾਂ ਬਾਅਦ ਕਰਵਾਉਣ ਲਈ ਸਾਡੀ ਸਰਕਾਰ ਵਚਨਵਧ ਹੋਵੇਗੀ। ਪੰਜਾਬ ਸਾਂਝੀਵਾਲਤਾ ਦੱਲ ਦੀ ਸਰਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਮ ਅਤੇ ਹੋਰ ਧਾਰਮਿਕ ਮਸਲਿਆ ਵਿੱਚ ਕਿਸੇ ਵੀ ਕਿਸਮ ਦੀ ਦਖਲ ਅੰਦਾਜੀ ਨਹੀਂ ਕਰੇਗੀ ਅਤੇ ਸੰਸਥਾ ਦੀ ਅਜਾਦ ਹਸਤੀ ਨੂੰ ਯਕੀਨੀ ਬਣਾਵੇਗੀ।




ਵਾਅਦੇ ਨਹੀਂ ਨੀਤੀਆਂ ਦੇਵਾਂਗੇ, ਮਿਲਕੇ ਨਵਾਂ ਪੰਜਾਬ ਬਣਾਵਾਂਗੇ

ਸਭੇ ਸਾਂਝੀਵਾਲ ਸਦਾਇਨਿ

# ਪੰਜਾਬ ਸਾਂਝੀਵਾਲਤਾ ਦਲ

Punjab Sanjhivalta Dal
Emaar Villa's 8, Sector 106
Sahibzada Ajit Singh Nagar (Mohali)

98150-36057
97799-66425
Email : panjabsanjhivaltadal@gmail.com

ਵਾਅਦੇ ਨਹੀਂ ਨੀਤੀਆਂ ਦੇਵਾਂਗੇ, ਮਿਲਕੇ ਨਵਾਂ ਪੰਜਾਬ ਬਣਾਵਾਂਗੇ